ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

ਚੜ੍ਹਦੀਕਲਾ

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 123
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 16 (Tuesday, 5 May, 2026) ਮੰਗਲਵਾਰ, 5 ਮਈ, 2026, 22 ਵੈਸਾਖ , ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

ਅਦਾਰਾ
ਚੜ੍ਹਦੀਕਲਾ
ਵੱਲੋਂ
ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ
ਦੇ ਜਨਮ ਦਿਹਾੜੇ 'ਤੇ
ਲੱਖ-ਲੱਖ ਵਧਾਈਆਂ

ਖ਼ਾਲਸਾ ਪੰਥ ਦੇ 350 ਸਾਲਾ ਜਿੰਦ ਦੀ ਯਾਦ ਸੰ ਚੁਨੂੰ ਤੇਗ਼ ਬਹਾਦਰ ਜੀ 1675-2025

ਨਸ਼ਾ ਅਤੇ ਸਮਾਜਿਕ-ਆਰਥਿਕ ਜਨਗਣਨਾ



ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ

ਜਨਗਣਨਾ ਦੀ ਸ਼ੁਰੂਆਤ **5 ਮਈ, 2026**

ਪੰਜਾਬ ਸਰਕਾਰ ਭਲਾਈ ਯੋਜਨਾਬੰਦੀ ਨੂੰ ਬਿਹਤਰ ਬਣਾਉਣ ਲਈ ਨਸ਼ਾ ਅਤੇ ਸਮਾਜਿਕ-ਆਰਥਿਕ ਜਨਗਣਨਾ ਕਰਵਾ ਰਹੀ ਹੈ। ਤੁਹਾਡਾ ਸਹਿਯੋਗ ਬਹੁਤ ਜ਼ਰੂਰੀ ਹੈ।

ਜਨਗਣਨਾ ਦੇ ਉਦੇਸ਼

- ਨਸ਼ੇ ਕਰਨ ਦੀ ਹੱਦ ਅਤੇ ਇਸ ਦੇ ਪ੍ਰਭਾਵ ਦਾ ਮੁਲਾਂਕਣ ਕਰਨਾ
- ਪਰਿਵਾਰਾਂ ਦੀਆਂ ਸਮਾਜਿਕ ਅਤੇ ਆਰਥਿਕ ਸਥਿਤੀਆਂ ਨੂੰ ਸਮਝਣਾ
- ਸਰਕਾਰੀ ਯੋਜਨਾਵਾਂ ਦੀ ਪਹੁੰਚ ਅਤੇ ਪ੍ਰਭਾਵ ਦਾ ਮੁਲਾਂਕਣ ਕਰਨਾ ਤਾਂ ਜੋ ਬਿਹਤਰ ਭਲਾਈ ਲਾਭ ਦੇਣਾ ਯਕੀਨੀ ਬਣਾਇਆ ਜਾ ਸਕੇ

ਤੁਹਾਨੂੰ ਭਾਗ ਕਿਉਂ ਲੈਣਾ ਚਾਹੀਦਾ ਹੈ?

- ਸਹਾਇਤਾ ਅਤੇ ਮੁੜ-ਵਸੇਬੇ ਦੀ ਲੋੜ ਵਾਲੇ ਪਰਿਵਾਰਾਂ ਦੀ ਪਹਿਚਾਣ ਵਿੱਚ ਮਦਦ ਕਰਨ ਲਈ
- ਇਹ ਯਕੀਨੀ ਬਣਾਉਣ ਲਈ ਕਿ ਸਰਕਾਰੀ ਯੋਜਨਾਵਾਂ ਸਹੀ ਲਾਭਪਾਤਰੀਆਂ ਤੱਕ ਪਹੁੰਚਣ
- ਤੁਹਾਡੀ ਭਾਗੀਦਾਰੀ ਬਿਹਤਰ ਪੰਜਾਬ ਦੇ ਨਿਰਮਾਣ ਵਿੱਚ ਯੋਗਦਾਨ ਪਾਵੇਗੀ

ਤੁਹਾਡੀ ਜਾਣਕਾਰੀ ਸੁਰੱਖਿਅਤ ਹੈ

- ਸਾਂਝੀ ਕੀਤੀ ਗਈ ਸਾਰੀ ਜਾਣਕਾਰੀ ਗੁਪਤ ਅਤੇ ਸੁਰੱਖਿਅਤ ਰਹੇਗੀ
- ਡਾਟਾ ਸਿਰਫ਼ ਨੀਤੀ ਯੋਜਨਾਬੰਦੀ ਅਤੇ ਭਲਾਈ ਕਾਰਜਾਂ ਲਈ ਵਰਤਿਆ ਜਾਵੇਗਾ
- ਕੋਈ ਵੀ ਜਾਣਕਾਰੀ ਕਿਸੇ ਵੀ ਸ਼ਜਾ ਵਾਲੀ ਕਾਰਵਾਈ ਲਈ ਨਹੀਂ ਵਰਤੀ ਜਾਵੇਗੀ

ਇਹ ਜਨਗਣਨਾ ਕਿਵੇਂ ਮਦਦ ਕਰੇਗੀ?

- ਬਿਹਤਰ ਸਿਹਤ ਸੰਭਾਲ ਅਤੇ ਨਸ਼ਾ ਛੁਡਾਊ ਸੇਵਾਵਾਂ ਮੁਹੱਈਆ ਹੋਣਗੀਆਂ
- ਰੋਜ਼ਗਾਰ ਅਤੇ ਰੋਜ਼ੀ-ਰੋਟੀ ਦੇ ਬਿਹਤਰ ਮੌਕੇ ਮਿਲ ਸਕਣਗੇ
- ਸਿੱਖਿਆ ਅਤੇ ਸਮਾਜ ਭਲਾਈ ਪ੍ਰਣਾਲੀਆਂ ਮਜ਼ਬੂਤ ਬਣਨਗੀਆਂ
- ਮੌਜੂਦਾ ਯੋਜਨਾਵਾਂ ਵਿੱਚ ਕਮੀਆਂ ਦੀ ਪਛਾਣ ਹੋ ਸਕੇਗੀ
- ਮਜ਼ਬੂਤ ਅਤੇ ਸਮਾਵੇਸ਼ੀ ਪੰਜਾਬ ਲਈ ਸਬੂਤ-ਆਧਾਰਿਤ ਯੋਜਨਾਬੰਦੀ ਹੋ ਸਕੇਗੀ



ਮਜ਼ਬੂਤ ਅਤੇ ਨਸ਼ਾ-ਮੁਕਤ ਪੰਜਾਬ ਦੇ ਨਿਰਮਾਣ ਲਈ ਜਨਗਣਨਾ ਵਿੱਚ ਹਿੱਸਾ ਲਓ।

ਤੁਹਾਡੀ ਭਾਗੀਦਾਰੀ ਬਿਹਤਰ ਨੀਤੀਆਂ ਅਤੇ ਬਿਹਤਰ ਭਵਿੱਖ ਦਾ ਨਿਰਮਾਣ ਕਰੇਗੀ !

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

ਕਬੱਡੀ ਪ੍ਰਮੋਟਰ ਕਤਲ ਕੇਸ ਦਾ ਆਖ਼ਰੀ ਸ਼ੂਟਰ ਤ੍ਰਿਪੁਰਾ ਤੋਂ ਕਾਬੂ

ਦੋਸ਼ੀ ਆਦਿੱਤਿਆ ਉਰਫ਼ ਮੱਖਣ ਨੇ ਆਪਣੇ ਵਿਦੇਸ਼ੀ ਹੈਂਡਲਰਾਂ ਦੇ ਇਸ਼ਾਰੇ 'ਤੇ ਯੋਜਨਾਬੱਧ ਕਤਲ ਨੂੰ ਦਿੱਤਾ ਸੀ ਅੰਜਾਮ : ਡੀ.ਜੀ.ਪੀ.

ਚੰਡੀਗੜ੍ਹ, 4 ਮਈ (ਚ.ਨ.ਸ.): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਜਾਰੀ ਮੁਹਿੰਮ ਦੌਰਾਨ ਸੰਗਠਿਤ ਅਪਰਾਧ ਵਿਰੁੱਧ ਵੱਡੀ ਸਫਲਤਾ ਤਹਿਤ ਪੰਜਾਬ ਪੁਲਿਸ ਦੀ ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਨੇ ਕੇਂਦਰੀ ਏਜੰਸੀਆਂ ਤੇ ਤ੍ਰਿਪੁਰਾ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਵਿੱਚ ਕਬੱਡੀ ਪ੍ਰਮੋਟਰ ਕੰਵਰ ਦਿਗਵਿਜੇ ਸਿੰਘ ਉਰਫ਼ ਰਾਣਾ ਬਲਾਚੌਰੀਆ ਦੇ ਸਨਸਨੀਖੇਜ਼ ਕਤਲ ਵਿੱਚ ਸ਼ਾਮਲ ਸ਼ੂਟਰਾਂ ਵਿੱਚੋਂ ਇੱਕ ਆਦਿੱਤਿਆ ਉਰਫ਼ ਮੱਖਣ ਨੂੰ ਤ੍ਰਿਪੁਰਾ ਦੇ ਅਗਰਤਲਾ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਇਹ ਜਾਣਕਾਰੀ ਅੱਜ ਇਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਆਦਿੱਤਿਆ ਉਰਫ਼ ਮੱਖਣ, ਜੋ ਕਿ ਅੰਮ੍ਰਿਤਸਰ ਦਾ ਰਹਿਣ ਵਾਲਾ ਹੈ, ਦਾ ਅਪਰਾਧਕ ਪਿਛੋਕੜ ਹੈ ਅਤੇ ਉਸ ਵਿਰੁੱਧ ਕਤਲ, ਕਤਲ ਦੀ ਕੋਸ਼ਿਸ਼, ਜਬਰੀ ਵਸੂਲੀ, ਹਥਿਆਰ ਦੀ ਨੋਕ 'ਤੇ ਲੁੱਟ-ਖੋਹ, ਐਨਡੀਪੀਐਸ, ਅਸਲਾ ਐਕਟ ਆਦਿ ਨਾਲ ਸਬੰਧਤ ਘੱਟੋ-ਘੱਟ 14 ਮਾਮਲੇ ਦਰਜ ਹਨ।

ਇਹ ਸਫਲਤਾ ਦੋ ਹੋਰ ਸ਼ੂਟਰਾਂ-ਕਰਨ ਪਾਠਕ ਉਰਫ਼ ਕਰਨ ਡਿਫਾਲਟਰ ਅਤੇ ਤਰਨਦੀਪ ਸਿੰਘ-ਨੂੰ ਪੱਛਮੀ ਬੰਗਾਲ ਦੇ ਹਾਵੜਾ ਤੋਂ ਉਨ੍ਹਾਂ ਦੇ ਸਾਥੀ ਆਕਾਸ਼ਦੀਪ ਸਮੇਤ ਗ੍ਰਿਫ਼ਤਾਰ ਕੀਤੇ ਜਾਣ ਤੋਂ ਕੁਝ ਮਹੀਨਿਆਂ ਬਾਅਦ ਸਾਹਮਣੇ ਆਈ ਹੈ। ਜਾਣਕਾਰੀ ਅਨੁਸਾਰ 15 ਦਸੰਬਰ, 2025 ਨੂੰ



ਐਸਏਐਸ ਨਗਰ ਦੇ ਪਿੰਡ ਸੋਹਾਣਾ ਵਿਖੇ ਇੱਕ ਕਬੱਡੀ ਟੂਰਨਾਮੈਂਟ ਦੌਰਾਨ ਹਮਲਾਵਰਾਂ ਨੇ ਰਾਣਾ ਬਲਾਚੌਰੀਆ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਸ ਕੇਸ ਵਿੱਚ ਹੁਣ ਤੱਕ ਤਿੰਨ ਸ਼ੂਟਰਾਂ ਸਮੇਤ ਕੁੱਲ ਛੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਸ਼ੂਟਰਾਂ ਨੂੰ ਲੌਜਿਸਟਿਕ ਸਹਾਇਤਾ ਪ੍ਰਦਾਨ ਕਰਨ ਦੇ ਦੋਸ਼ ਵਿੱਚ ਦੋ ਮੁਲਜ਼ਮਾਂ ਜਿਨ੍ਹਾਂ ਦੀ ਪਛਾਣ ਐਸ਼ਦੀਪ ਸਿੰਘ ਅਤੇ ਦਵਿੰਦਰ ਵਜੋਂ ਹੋਈ ਹੈ, ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਵਿਦੇਸ਼ੀ ਹੈਂਡਲਰਾਂ ਦੇ ਨਿਰਦੇਸ਼ਾਂ 'ਤੇ ਕਾਰਵਾਈ ਕਰਦਿਆਂ ਗ੍ਰਿਫ਼ਤਾਰ ਮੁਲਜ਼ਮ ਆਦਿੱਤਿਆ ਉਰਫ਼ ਮੱਖਣ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਸ ਕਤਲ ਨੂੰ ਅੰਜਾਮ ਦਿੱਤਾ। ਡੀਜੀਪੀ ਨੇ ਕਿਹਾ ਕਿ ਜਦੋਂ ਆਦਿੱਤਿਆ ਦੇ ਸਾਥੀਆਂ ਨੂੰ ਏਜੀਟੀਐਫ ਨੇ ਗ੍ਰਿਫ਼ਤਾਰ ਕੀਤਾ ਸੀ, ਉਦੋਂ ਤੋਂ ਹੀ ਮੁਲਜ਼ਮ ਆਦਿੱਤਿਆ ਫਰਾਰ ਸੀ ਅਤੇ ਗ੍ਰਿਫ਼ਤਾਰੀ ਤੋਂ ਬਚ ਰਿਹਾ ਸੀ। ਉਨ੍ਹਾਂ ਇਹ ਵੀ ਕਿਹਾ ਕਿ ਇਸ ਸਨਸਨੀਖੇਜ਼ ਕਤਲ ਕੇਸ ਵਿੱਚ ਸ਼ਾਮਲ ਸਾਰੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਕਾਰਵਾਈ ਸੰਬੰਧੀ ਵੇਰਵੇ ਸਾਂਝੇ ਕਰਦਿਆਂ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਏਜੀਟੀਐਫ ਪ੍ਰਮੋਦ ਬਾਨ ਨੇ ਕਿਹਾ ਕਿ ਆਦਿੱਤਿਆ ਕਪੂਰ ਉਰਫ਼ ਮੱਖਣ ਦੇ ਟਿਕਾਣੇ ਬਾਰੇ ਖੁਫੀਆ ਸਰੋਤ ਤੋਂ ਇਨਪੁੱਟ ਪ੍ਰਾਪਤ ਹੋਈ ਸੀ। ਇਸ ਜਾਣਕਾਰੀ 'ਤੇ ਕਾਰਵਾਈ ਕਰਦਿਆਂ "ਸ਼ੈਡੋ ਹੰਟ" ਦੇ ਨਾਮ ਹੇਠ ਇੱਕ ਅੰਤਰਰਾਜੀ ਆਪ੍ਰੇਸ਼ਨ ਚਲਾਇਆ ਗਿਆ ਅਤੇ ਡੀਐਸਪੀ ਰਾਜਨ ਪਰਮਿੰਦਰ ਸਿੰਘ ਦੀ ਨਿਗਰਾਨੀ ਹੇਠ ਇੱਕ ਪੁਲਿਸ ਟੀਮ ਨੂੰ ਤ੍ਰਿਪੁਰਾ ਦੇ ਅਗਰਤਲਾ ਭੇਜਿਆ ਗਿਆ। ਉਨ੍ਹਾਂ ਕਿਹਾ ਕਿ ਕੇਂਦਰੀ ਏਜੰਸੀਆਂ ਤੇ ਸਥਾਨਕ ਪੁਲਿਸ ਦੇ ਸਹਿਯੋਗ ਨਾਲ ਏਜੀਟੀਐਫ ਟੀਮ ਨੇ ਦੋਸ਼ੀ ਨੂੰ ਉਥੋਂ ਸਫਲਤਾਪੂਰਵਕ ਗ੍ਰਿਫ਼ਤਾਰ ਕਰ ਲਿਆ।

ਇਸ ਸਬੰਧ ਵਿੱਚ ਐਸਏਐਸ ਨਗਰ ਦੇ ਸੋਹਾਣਾ ਪੁਲਿਸ ਥਾਣਾ ਵਿਖੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 103(1), 109, 3(5) ਤੇ 61(2) ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਐਫਆਈਆਰ ਨੰ. 312 ਮਿਤੀ 16/12/2025 ਦਰਜ ਹੈ।

ਚਾਰ ਸਾਲਾਂ ਦੀ ਵੱਡੀ ਉਪਲਬਧੀ: 26.68 ਕਰੋੜ ਦੇ ਕਰਜ਼ਿਆਂ ਨਾਲ 1367 ਪਰਿਵਾਰ ਬਣੇ ਆਤਮ-ਨਿਰਭਰ : ਡਾ. ਬਲਜੀਤ ਕੌਰ

ਚੰਡੀਗੜ੍ਹ, 4 ਮਈ (ਅੰਮ੍ਰਿਤਪਾਲ ਸਿੰਘ): ਮੌਜੂਦਾ ਪੰਜਾਬ ਸਰਕਾਰ ਵੱਲੋਂ ਆਪਣੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਸਮਾਜਿਕ ਨਿਆਂ ਤੇ ਆਰਥਿਕ ਸਮਾਨਤਾ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਪ੍ਰਭਾਵਸ਼ਾਲੀ ਕਦਮ ਚੁੱਕੇ ਗਏ ਹਨ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਦੀ ਅਗਵਾਈ ਹੇਠ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਤੇ ਵਿੱਤ ਕਾਰਪੋਰੇਸ਼ਨ ਵੱਲੋਂ ਲੋੜਵੰਦ ਪਰਿਵਾਰਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਲਈ ਮਹੱਤਵਪੂਰਨ ਉਪਰਾਲੇ ਕੀਤੇ ਗਏ ਹਨ। ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਲ 2022-23 ਤੋਂ 2025-26 ਤੱਕ 1367 ਲਾਭਪਾਤਰੀਆਂ ਨੂੰ ਵੱਖ-ਵੱਖ ਸਵੈ-ਰੋਜ਼ਗਾਰ ਗਤੀਵਿਧੀਆਂ ਲਈ 26.68 ਕਰੋੜ ਰੁਪਏ ਦੇ ਕਰਜ਼ੇ ਮੁਹੱਈਆ ਕਰਵਾਏ ਗਏ, ਜਿਸ ਨਾਲ ਉਹਨਾਂ ਦੀ ਆਮਦਨ ਵਿੱਚ ਵਾਧਾ ਹੋਇਆ ਅਤੇ ਉਹ ਆਤਮ-ਨਿਰਭਰਤਾ ਵੱਲ ਅੱਗੇ ਵਧੇ ਹਨ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਸਰਕਾਰ ਸਿਰਫ਼ ਵਿੱਤੀ ਮਦਦ ਤੱਕ ਸੀਮਿਤ ਨਹੀਂ, ਸਗੋਂ ਲਾਭਪਾਤਰੀਆਂ ਨੂੰ ਖੁਦਮੁਖਤਿਆਰ ਬਣਾਉਣ ਲਈ ਯੋਜਨਾਬੱਧ ਅਤੇ ਨਤੀਜਾ-ਕੇਂਦਰਤ ਸਹਾਇਤਾ ਪ੍ਰਦਾਨ ਕਰ ਰਹੀ ਹੈ। ਇਸ ਤਹਿਤ 1229 ਲਾਭਪਾਤਰੀਆਂ ਨੂੰ 5.39 ਕਰੋੜ ਰੁਪਏ ਦੀ ਸਬਸਿਡੀ ਸਹਾਇਤਾ



ਦਿੱਤੀ ਗਈ ਹੈ, ਜਿਸ ਨਾਲ ਕਈ ਪਰਿਵਾਰਾਂ ਵਿੱਚ ਆਰਥਿਕ ਮਜ਼ਬੂਤੀ ਅਤੇ ਨਵੀਂ ਉਮੀਦ ਜਾਗੀ ਹੈ। "ਸਾਡਾ ਟੀਚਾ ਸਿਰਫ਼ ਮਦਦ ਕਰਨਾ ਨਹੀਂ, ਸਗੋਂ ਲੋਕਾਂ ਨੂੰ ਖੁਦਮੁਖਤਿਆਰ ਬਣਾਉਣਾ ਹੈ," ਉਨ੍ਹਾਂ ਕਿਹਾ।

ਇਹ ਉਪਰਾਲੇ ਸਿਰਫ਼ ਅੰਕੜਿਆਂ ਤੱਕ ਸੀਮਿਤ ਨਹੀਂ, ਸਗੋਂ ਉਹਨਾਂ ਪਰਿਵਾਰਾਂ ਦੀਆਂ ਜ਼ਿੰਦਗੀਆਂ ਵਿੱਚ ਆਏ ਅਸਲ ਬਦਲਾਅ ਦੀਆਂ ਕਹਾਣੀਆਂ ਹਨ। ਕਿਸੇ ਨੇ ਛੋਟਾ ਵਪਾਰ ਸ਼ੁਰੂ ਕੀਤਾ, ਕਿਸੇ ਨੇ ਆਪਣੇ ਹੁਨਰ ਨੂੰ ਰੋਜ਼ਗਾਰ ਵਿੱਚ ਬਦਲਿਆ ਤੇ ਅੱਜ ਉਹ ਸਨਮਾਨ ਨਾਲ ਆਪਣਾ ਜੀਵਨ ਬਤੀਤ ਕਰ ਰਹੇ ਹਨ। ਇਹ ਬਦਲਾਅ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਨਵੀਂ ਆਸ ਦਾ ਸੰਦੇਸ਼ ਦੇ ਰਿਹਾ ਹੈ।

ਡਾ. ਬਲਜੀਤ ਕੌਰ ਨੇ ਹੋਰ ਦੱਸਿਆ ਕਿ ਲਾਭਪਾਤਰੀਆਂ ਨੂੰ "ਹੈਂਡਹੋਲਡਿੰਗ ਸਪੋਰਟ" ਰਾਹੀਂ ਲਗਾਤਾਰ ਮਾਰਗਦਰਸ਼ਨ, ਤਕਨੀਕੀ ਸਹਾਇਤਾ ਤੇ ਮਾਰਕੀਟ ਨਾਲ ਜੋੜਿਆ ਜਾ ਰਿਹਾ ਹੈ, ਤਾਂ ਜੋ ਉਹ ਲੰਬੇ ਸਮੇਂ ਤੱਕ ਸਫਲ ਰਹਿ ਸਕਣ। ਉਨ੍ਹਾਂ ਕਿਹਾ ਕਿ ਇੱਕ ਪਰਿਵਾਰ ਦੀ ਤਰੱਕੀ ਪੂਰੇ ਸਮਾਜ ਦੀ ਤਰੱਕੀ ਬਣਦੀ ਹੈ।

ਸਮਾਜਿਕ ਨਿਆਂ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ "ਸਭ ਲਈ ਸਮਾਵੇਸ਼ੀ ਵਿਕਾਸ" ਦੇ ਵਿਜ਼ਨ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਹਰ ਵਰਗ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹੈ। ਟੀਚਾ ਇਹ ਹੈ ਕਿ ਅਨੁਸੂਚਿਤ ਜਾਤੀਆਂ ਸਮੇਤ ਹਰ ਪਿੱਛੜੇ ਵਰਗ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਕੇ ਖੁਸ਼ਹਾਲ ਅਤੇ ਸਮਾਨਤਾਪੂਰਨ ਪੰਜਾਬ ਦੀ ਸਿਰਜਣਾ ਕੀਤੀ ਜਾਵੇ।

ਇਹ ਉਪਰਾਲੇ ਦਰਸਾਉਂਦੇ ਹਨ ਕਿ ਪੰਜਾਬ ਵਿੱਚ ਵਿਕਾਸ ਹੁਣ ਸਿਰਫ਼ ਕਾਗਜ਼ੀ ਯੋਜਨਾਵਾਂ ਤੱਕ ਸੀਮਿਤ ਨਹੀਂ, ਸਗੋਂ ਹਰ ਲੋੜਵੰਦ ਦੇ ਜੀਵਨ ਵਿੱਚ ਅਸਲ ਬਦਲਾਅ ਲਿਆਉਣ ਦਾ ਪ੍ਰਭਾਵਸ਼ਾਲੀ ਸਾਧਨ ਬਣ ਚੁੱਕਾ ਹੈ।

ਵਿਜੀਲੈਂਸ ਵੱਲੋਂ 15000 ਰਿਸ਼ਵਤ ਲੈਣ ਦੇ ਦੋਸ਼ ਹੇਠ ਵਸੀਕਾ ਨਵੀਸ ਵਿਰੁੱਧ ਕੇਸ ਦਰਜ

ਚੰਡੀਗੜ੍ਹ, 4 ਮਈ (ਚ.ਨ.ਸ.): ਪੰਜਾਬ ਵਿਜੀਲੈਂਸ ਬਿਊਰੋ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਅਪਣਾਈ ਗਈ ਜ਼ੀਰੋ ਟਾਲਰੈਂਸ ਨੀਤੀ ਦੇ



ਚਲਦਿਆਂ ਨਰੇਸ਼ ਕੁਮਾਰ ਵਸੀਕਾ ਨਵੀਸ, ਪਟਿਆਲਾ ਵਿਰੁੱਧ 15000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ।

ਇਹ ਜਾਣਕਾਰੀ ਸਾਂਝੀ ਕਰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਇਹ ਮਾਮਲਾ ਪ੍ਰੋਫੈਸਰ ਕਲੋਨੀ ਚੀਕਾ ਜ਼ਿਲ੍ਹਾ ਕੈਥਲ, ਹਰਿਆਣਾ ਦੇ ਇੱਕ ਨਿਵਾਸੀ ਵੱਲੋਂ ਮੁੱਖ ਮੰਤਰੀ ਦੇ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ ਪੋਰਟਲ 'ਤੇ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਦਰਜ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਸ਼ਿਕਾਇਤਕਰਤਾ ਦੇ ਰਿਸ਼ਤੇਦਾਰ ਨੇ ਜ਼ਿਲ੍ਹਾ ਪਟਿਆਲਾ ਵਿੱਚ ਜ਼ਮੀਨ ਖਰੀਦੀ ਸੀ। ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਦੋਸ਼ੀ ਨਰੇਸ਼ ਕੁਮਾਰ ਵਸੀਕਾ ਨਵੀਸ ਨੇ ਸ਼ਿਕਾਇਤਕਰਤਾ ਦੇ ਰਿਸ਼ਤੇਦਾਰ ਦੀ ਜ਼ਮੀਨ ਦੀ ਰਜਿਸਟ੍ਰੀ ਕਰਨ ਦੇ ਬਦਲੇ 15000 ਰੁਪਏ ਰਿਸ਼ਵਤ ਲਈ। ਦੋਸ਼ੀ ਵਸੀਕਾ ਨਵੀਸ ਨੇ ਰਿਸ਼ਵਤ ਲੈਂਦੇ ਸਮੇਂ ਤਹਿਸੀਲਦਾਰ ਦੇ ਡਰਾਈਵਰ ਅਤੇ ਪਟਵਾਰੀ ਨੂੰ ਮੌਕੇ 'ਤੇ ਬੁਲਾਇਆ । ਇਸ ਤੋਂ ਬਾਅਦ ਤਹਿਸੀਲਦਾਰ ਨੇ ਉਸਦੀ ਰਜਿਸਟ੍ਰੀ ਦਰਜ ਕਰ ਦਿੱਤੀ ਸੀ। ਜ਼ਿਕਰਯੋਗ ਹੈ ਕਿ ਸ਼ਿਕਾਇਤਕਰਤਾ ਨੇ ਰਿਸ਼ਵਤ ਮੰਗਣ ਦੀ ਪੂਰੀ ਗੱਲਬਾਤ ਰਿਕਾਰਡ ਕਰ ਲਈ ਸੀ। ਇਸ ਸਬੰਧ ਵਿੱਚ ਉਕਤ ਦੋਸ਼ੀ ਵਿਰੁੱਧ ਵਿਜੀਲੈਂਸ ਬਿਊਰੋ ਪੁਲਿਸ ਸਟੇਸ਼ਨ ਪਟਿਆਲਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਮਾਮਲੇ ਦੀ ਹੋਰ ਜਾਂਚ ਜਾਰੀ ਹੈ।

ਮਾਨ ਸਰਕਾਰ ਦੀ 'ਮੁੱਖ ਮੰਤਰੀ ਸਿਹਤ ਯੋਜਨਾ' ਬਣੀ ਵਰਦਾਨ, 65 ਸਾਲਾ ਮਾਂ ਦੇ ਗੋਡਿਆਂ ਦਾ ਹੋਇਆ ਮੁਫ਼ਤ ਇਲਾਜ

ਚੰਡੀਗੜ੍ਹ/ਹੁਸ਼ਿਆਰਪੁਰ, 4 ਮਈ (ਚ.ਨ.ਸ.): ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਦਸੂਹਾ ਖੇਤਰ ਵਿੱਚ ਪੈਂਦੇ ਪਿੰਡ ਪਨਵਾ ਦੀ 65 ਸਾਲਾ ਕੇਵਲ ਕੌਰ ਦੇ ਜੀਵਨ ਵਿੱਚ 17 ਅਪ੍ਰੈਲ ਦਾ ਦਿਨ ਬਹੁਤ ਖੁਸ਼ੀਆਂ ਲੈ ਕੇ ਆਇਆ। ਪਿਛਲੇ ਕਈ ਸਾਲਾਂ ਤੋਂ ਉਹ ਗੋਡਿਆਂ ਦੇ ਅਸਹਿਣਯੋਗ ਦਰਦ ਨਾਲ ਜੂਝ ਰਹੀ ਸੀ, ਜਿਸ ਕਾਰਨ ਉਸ ਦੀ ਦੁਨੀਆ ਬਸ ਦਰਦਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਈ ਸੀ। ਉਹ ਬਿਨਾਂ ਸਹਾਰੇ ਤੋਂ ਚੱਲ ਨਹੀਂ ਸੀ ਸਕਦੀ ਅਤੇ ਹਰ ਦਿਨ ਸੰਘਰਸ਼ ਜਿਹਾ ਲੱਗਦਾ ਸੀ। ਅੱਜ, ਕੇਵਲ ਕੌਰ ਫਿਰ ਤੋਂ ਆਪਣੇ ਪੈਰਾਂ 'ਤੇ ਖੜ੍ਹੀ ਹੋਣ ਵੱਲ ਵਧ ਰਹੀ ਹੈ, ਉਹ ਵੀ ਬਿਨਾਂ ਕਿਸੇ ਆਰਥਿਕ ਬੋਝ ਦੇ "ਜਿਸ ਦਾ ਸਿਹਰਾ ਭਗਵੰਤ ਮਾਨ ਸਰਕਾਰ ਦੀ ਸਿਹਤ ਪਹਿਲਕਦਮੀ ਨੂੰ ਜਾਂਦਾ ਹੈ। "ਮੁੱਖ ਮੰਤਰੀ ਸਿਹਤ ਯੋਜਨਾ" ਦੇ ਤਹਿਤ ਉਹਨਾਂ ਦੇ ਗੋਡਿਆਂ ਦਾ ਅਪ੍ਰੇਸ਼ਨ "ਪੰਜਾਬ ਇੰਸਟੀਟਿਊਟ ਆਫ ਮੈਡੀਕਲ ਸਾਇੰਸਜ਼' ਜਲੰਧਰ ਵਿਖੇ ਸਫ਼ਲਤਾਪੂਰਵਕ ਕੀਤਾ ਗਿਆ। ਕਿਸੇ ਵਕਤ ਪਰਿਵਾਰ ਨੂੰ ਇਹ ਇਲਾਜ ਵਿਤੋਂ ਬਾਹਰ ਲਗਦਾ ਸੀ ਕਿਓਂਕਿ ਆਪ੍ਰੇਸ਼ਨ ਤੇ ਪਹਿਲਾਂ ਕਰੀਬ 1.5 ਲੱਖ ਰੁਪਏ ਦਾ ਖਰਚ ਹੁੰਦਾ ਸੀ, ਜੋ ਹੁਣ ਬਿਲਕੁਲ ਮੁਫ਼ਤ ਕੀਤਾ ਗਿਆ।

ਕੇਵਲ ਕੌਰ ਦੇ ਪੁੱਤਰ ਮਨਦੀਪ ਸਿੰਘ, ਜੋ ਕਿਸਾਨ ਹੈ , ਇਹਨਾਂ ਮੁਸ਼ਕਿਲ ਸਮਿਆਂ ਨੂੰ ਯਾਦ ਕਰਦੇ ਹੋਏ ਭਾਵੁਕ ਹੋ ਜਾਂਦਾ ਹੈ । ਲਗਭਗ ਪੰਜ ਸਾਲ ਤੱਕ ਉਸਦੀ ਮਾਂ ਲਗਾਤਾਰ ਦਰਦ ਵਿੱਚ ਰਹੀ। ਉਨ੍ਹਾਂ ਨੇ ਕਈ ਡਾਕਟਰਾਂ ਨਾਲ ਸਲਾਹ ਕੀਤੀ, ਦਵਾਈਆਂ ਲਈਆਂ, ਪਰ ਕੋਈ ਸਥਾਈ ਰਾਹਤ ਨਹੀਂ ਮਿਲੀ। ਆਖ਼ਿਰਕਾਰ ਹਾਲਤ ਐਸੀ ਹੋ ਗਈ ਕਿ ਬਿਨਾਂ ਸਹਾਰੇ ਇੱਕ ਕਦਮ ਵੀ ਚੱਲਣਾ ਔਖਾ ਹੋ ਗਿਆ। ਉਹ ਦੱਸਦੇ ਹਨ, "ਜਦੋਂ ਮੇਰੇ ਮਾਤਾ ਜੀ ਪੂਰੀ ਤਰ੍ਹਾਂ ਨਿਰਭਰ ਹੋ ਗਏ, ਤਦ ਸਰਜਰੀ ਹੀ ਇਕੱਲੀ ਉਮੀਦ ਸੀ।"

ਮਨਦੀਪ ਨੇ ਪਹਿਲਾਂ ਅਖ਼ਬਾਰ ਵਿੱਚ ਇਸ ਯੋਜਨਾ ਬਾਰੇ ਪੜ੍ਹਿਆ ਸੀ ਅਤੇ ਹੈਲਥ ਕਾਰਡ ਬਣਵਾਇਆ, ਜੋ ਉਨ੍ਹਾਂ ਦੀ ਜ਼ਿੰਦਗੀ ਵਿੱਚ ਵੱਡਾ ਬਦਲਾਅ ਲੈ ਕੇ ਆਇਆ। ਹਸਪਤਾਲ ਦੀਆਂ ਕਾਰਵਾਈਆਂ ਤੋਂ ਬਾਅਦ 17 ਅਪ੍ਰੈਲ ਨੂੰ ਡਾ. ਅਨਿਤ ਸੱਚਰ ਅਤੇ ਉਨ੍ਹਾਂ ਦੀ ਟੀਮ ਨੇ ਲਗਭਗ ਦੋ ਘੰਟਿਆਂ ਦੀ ਪ੍ਰਕਿਰਿਆ ਵਿੱਚ ਸਰਜਰੀ ਸਫ਼ਲਤਾਪੂਰਵਕ ਪੂਰੀ ਕੀਤੀ। ਹੁਣ ਰਿਕਵਰੀ ਸ਼ੁਰੂ ਹੋ ਚੁੱਕੀ ਹੈ, ਅਤੇ ਨਾਲ ਹੀ ਆਤਮ-ਸਨਮਾਨ ਤੇ ਸਕੂਨ ਦੀ ਵਾਪਸੀ ਵੀ। ਹਾਲਾਂਕਿ ਟਾਂਕੇ ਅਜੇ ਲੱਗੇ ਹੋਏ ਹਨ ਅਤੇ ਜਲਦੀ ਹੀ ਕੱਟ ਦਿੱਤੇ ਜਾਣਗੇ, ਪਰ ਜੋ ਦਰਦ ਸਾਲਾਂ ਤੋਂ ਉਹਨਾਂ ਦੀ ਜ਼ਿੰਦਗੀ ਦਾ ਹਿੱਸਾ ਸੀ, ਉਹ ਹੁਣ ਘਟਣ ਲੱਗਾ ਹੈ। ਭਾਵੁਕ ਹੋ ਕੇ ਕੇਵਲ ਕੌਰ ਕਹਿੰਦੇ ਹਨ, "ਮੁੱਖ ਮੰਤਰੀ ਭਗਵੰਤ ਮਾਨ ਮੇਰੇ ਲਈ ਤੀਜੇ ਪੁੱਤਰ ਵਰਗੇ ਹਨ। ਮੇਰਾ ਆਪ੍ਰੇਸ਼ਨ ਬਿਨਾਂ ਇੱਕ ਵੀ ਪੈਸਾ ਖ਼ਰਚ ਕੀਤੇ ਹੋ ਗਿਆ। ਹੁਣ ਮੈਂ ਕਿਸੇ 'ਤੇ ਬੋਝ ਨਹੀਂ ਹਾਂ। ਜ਼ਿੰਦਗੀ ਹੁਣ ਆਸਾਨ ਹੋਵੇਗੀ।"

ਪਰਿਵਾਰ ਲਈ ਇਹ ਸਿਰਫ਼ ਇੱਕ ਮੈਡੀਕਲ ਪ੍ਰਕਿਰਿਆ ਨਹੀਂ ਸੀ, ਬਲਕਿ ਆਤਮ-ਸਨਮਾਨ ਦੀ ਵਾਪਸੀ ਸੀ। ਮਨਦੀਪ ਦੱਸਦੇ ਹਨ ਕਿ ਭਾਵੇਂ ਉਨ੍ਹਾਂ ਦੇ ਬੱਚੇ ਵਿਦੇਸ਼ ਵਿੱਚ ਰਹਿੰਦੇ ਹਨ ਅਤ

ਜਦੋਂ ਤੱਕ ਪੰਜਾਬ 'ਚ 'ਆਪ' ਦੀ ਸਰਕਾਰ ਹੈ, ਔਰਤਾਂ ਨੂੰ ਸਨਮਾਨ ਰਾਸ਼ੀ ਅਤੇ ਮੁਫ਼ਤ ਬਿਜਲੀ ਮਿਲਦੀ ਰਹੇਗੀ : ਮਾਨ



ਦਸੂਹਾ (ਹੁਸ਼ਿਆਰਪੁਰ), 4 ਮਈ (ਦੀਪਕ ਅਗਨੀਹੋਤਰੀ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਹੁਸ਼ਿਆਰਪੁਰ ਜ਼ਿਲ੍ਹੇ ਦੇ ਦਸੂਹਾ ਹਲਕੇ ਦੇ ਘੋਗਰਾ ਵਿਖੇ ਲੋਕ ਮਿਲਣੀ ਵਿੱਚ ਵਿਰੋਧੀ ਧਿਰ ਉਤੇ ਸਿੱਧੇ ਤੌਰ 'ਤੇ ਨਿਸ਼ਾਨਾ ਸਾਧਦੇ ਹੋਏ ਐਲਾਨ ਕੀਤਾ ਕਿ ਜਦੋਂ ਤੱਕ ਆਮ ਆਦਮੀ ਪਾਰਟੀ (ਆਪ) ਸੱਤਾ ਵਿੱਚ ਹੈ, ਔਰਤਾਂ ਨੂੰ ਉਨ੍ਹਾਂ ਦੀ ਸਨਮਾਨ ਰਾਸ਼ੀ ਅਤੇ ਸੂਬੇ ਵਿੱਚ ਮੁਫ਼ਤ ਬਿਜਲੀ ਮਿਲਦੀ ਰਹੇਗੀ।

ਇਸ ਮੌਕੇ ਉਨ੍ਹਾਂ ਨੇ ਸੰਕਲਪ ਲੈਂਦਿਆਂ ਕਿਹਾ ਕਿ ਜਾਗਤ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ, 2026 ਨੇ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਥਾਈ ਤੌਰ 'ਤੇ ਵਿਵਸਥਾ ਕਰ ਦਿੱਤੀ ਹੈ ਕਿਉਂਕਿ ਬੇਅਦਬੀ ਦੇ ਗੁਨਾਹਗਾਰ ਨੂੰ ਹੁਣ ਉਮਰ ਕੈਦ ਦੀ ਸਜ਼ਾ ਭੁਗਤਣੀ ਪਵੇਗੀ। ਉਨ੍ਹਾਂ ਕਿਹਾ ਕਿ ਜੇਕਰ ਵਿਰੋਧੀ ਧਿਰ ਦੀ ਨੀਅਤ ਸਾਫ ਹੁੰਦੀ ਤਾਂ ਬਹੁਤ ਪਹਿਲਾਂ ਬੇਅਦਬੀ ਦੀਆਂ ਘਟਨਾਵਾਂ ਦਾ ਵਾਪਰਨਾ ਬੰਦ ਹੋ ਸਕਦਾ ਸੀ। ਪੰਜਾਬ ਨੂੰ ਨਸ਼ਿਆਂ ਵਿੱਚ ਡੋਬਣ ਲਈ ਅਕਾਲੀ ਦਲ ਅਤੇ ਸੂਬੇ ਨੂੰ ਬਦਨਾਮ ਕਰਨ ਲਈ ਹਰ ਰੋਜ਼ ਕੂੜ ਪ੍ਰਚਾਰ ਕਰਨ ਲਈ ਸਾਰੀਆਂ ਵਿਰੋਧੀ ਪਾਰਟੀਆਂ 'ਤੇ ਵਰ੍ਹਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਅਤੇ ਪਹਿਲਾਂ ਆਈਆਂ ਸਰਕਾਰਾਂ ਵਿੱਚ ਇੱਕੋ ਇੱਕ ਫ਼ਰਕ ਹੈ ਹੁਣ ਲੋਕਾਂ ਦਾ ਪੈਸਾ ਲੋਕਾਂ ਕੋਲ ਜਾਂਦਾ ਹੈ, ਪਹਿਲਾਂ ਵਾਂਗ ਲੀਡਰਾਂ ਦੀਆਂ ਜੇਬਾਂ ਵਿੱਚ ਨਹੀਂ ਜਾਂਦਾ। ਲੋਕ ਮਿਲਣੀ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸੂਬੇ ਦੀ ਬੇਮਿਸਾਲ ਤਰੱਕੀ ਅਤੇ ਖੁਸ਼ਹਾਲੀ ਤੋਂ ਈਰਖਾ ਕਰਦੇ ਹੋਏ ਪੰਜਾਬ ਦੇ ਦੋਖੀ ਮੇਰੇ ਵਿਰੁੱਧ ਬਦਨੀਅਤ ਨਾਲ ਕੂੜ ਪ੍ਰਚਾਰ ਕਰ ਰਹੇ ਹਨ। ਇਹ ਤਾਕਤਾਂ ਜੋ ਸੂਬੇ ਦੇ ਵਿਕਾਸ ਅਤੇ ਇਸ ਦੇ ਲੋਕਾਂ ਦੀ ਖੁਸ਼ਹਾਲੀ ਦੀਆਂ ਦੁਸ਼ਮਣ ਹਨ, ਹੁਣ ਮੈਨੂੰ ਬੇਤੁੱਕੇ ਮੁੱਦਿਆਂ 'ਤੇ ਬਦਨਾਮ ਕਰਨ ਲਈ ਨੀਵੇਂ ਪੱਧਰ 'ਤੇ ਡਿੱਗ ਚੁੱਕੀਆਂ ਹਨ। ਮੇਰਾ ਜੀਵਨ ਇੱਕ ਖੁੱਲ੍ਹੀ ਕਿਤਾਬ ਹੈ ਕਿਉਂਕਿ ਮੈਂ ਆਪਣਾ ਸਾਰਾ ਜੀਵਨ ਪੰਜਾਬ ਅਤੇ ਪੰਜਾਬੀਆਂ ਦੀ ਭਲਾਈ ਨੂੰ ਸਮਰਪਿਤ ਕੀਤਾ ਹੈ ਅਤੇ ਇਸ ਨੇਕ ਕੰਮ ਲਈ ਸਖ਼ਤ ਯਤਨ ਕਰ ਰਿਹਾ ਹਾਂ।

ਉਨ੍ਹਾਂ ਨੇ ਅੱਗੇ ਕਿਹਾ, ਰਵਾਇਤੀ ਪਾਰਟੀਆਂ ਨੇ ਹਮੇਸ਼ਾ ਲੋਕਾਂ ਨੂੰ ਆਪਣਾ ਵੋਟ ਬੈਂਕ ਸਮਝਿਆ ਹੈ ਅਤੇ ਕਦੇ ਵੀ ਉਨ੍ਹਾਂ ਦੀ ਭਲਾਈ ਦੀ ਪ੍ਰਵਾਹ ਨਹੀਂ ਕੀਤੀ, ਅਤੇ ਉਹ ਇਸ ਨੂੰ ਹਜ਼ਮ ਨਹੀਂ ਕਰ ਪਾ ਰਹੇ ਹਨ, ਜਿਸ ਕਾਰਨ ਮੇਰੇ ਵਿਰੁੱਧ (ਬਾਕੀ 15 'ਤੇ)

5 ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਦੇ ਨਤੀਜੇ ਐਲਾਨੇ

ਬੰਗਾਲ 'ਚ ਭਾਜਪਾ ਨੇ ਗੱਡਿਆ ਜਿੱਤ ਦਾ ਝੰਡਾ

ਮਮਤਾ ਬੈਨਰਜੀ ਭਾਵਨੀਪੁਰ ਸੀਟ 15 ਹਜ਼ਾਰ ਤੋਂ ਵੱਧ ਵੋਟਾਂ ਨਾਲ ਹਾਰੀ

ਆਸਾਮ 'ਚ ਪਾਰਟੀ ਨੇ ਬਣਾਈ ਹੈਟ੍ਰਿਕ, ਪੁਡੂਚੇਰੀ 'ਚ ਭਾਜਪਾ ਗਠਜੋੜ ਰਿਹਾ ਜੇਤੂ

ਤਾਮਿਲਨਾਡੂ 'ਚ ਟੀ.ਵੀ.ਕੇ. ਅਤੇ ਕੇਰਲਾ 'ਚ ਯੂ.ਡੀ.ਐਫ. ਨੇ ਮਾਰੀ ਬਾਜ਼ੀ



ਨਵੀਂ ਦਿੱਲੀ, 4 ਮਈ (ਚ.ਨ.ਸ.): ਦੇਸ਼ ਦੇ 5 ਸੂਬਿਆਂ ਵਿੱਚ ਬੀਤੇ ਦਿਨੀਂ ਹੋਈਆਂ ਵਿਧਾਨ ਸਭਾ ਚੋਣਾਂ ਦੇ ਚਿਰ ਤੋਂ ਉਡੀਕੇ ਜਾ ਰਹੇ ਨਤੀਜਿਆਂ ਦਾ ਅੱਜ ਚੋਣ ਕਮਿਸ਼ਨ ਵੱਲੋਂ ਐਲਾਨ ਕੀਤਾ ਗਿਆ। ਬੰਗਾਲ ਵਿੱਚ ਭਾਜਪਾ ਨੇ ਮਮਤਾ ਬੈਨਰਜੀ ਦੀ ਟੀ.ਐਮ.ਸੀ. ਦੇ ਰਾਜ ਦਾ ਖ਼ਾਤਮਾ ਕਰਦਿਆਂ ਸਰਕਾਰ ਬਣਾਉਣ ਲਈ ਰਾਹ ਸਾਫ਼ ਕਰ ਲਿਆ ਹੈ। ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਮਮਤਾ ਬੈਨਰਜੀ ਆਪਣੀ ਭਾਵਨੀਪੁਰ ਸੀਟ ਭਾਜਪਾ ਉਮੀਦਵਾਰ ਅਧਿਕਾਰੀ ਸੁਵੇਂਦ ਤੋਂ 15113 ਵੋਟਾਂ ਦੇ ਫਰਕ ਨਾਲ ਹਾਰ ਗਈ। ਆਸਾਮ ਵਿੱਚ ਪਾਰਟੀ ਨੇ ਲਗਾਤਾਰ ਤੀਜੀ ਵਾਰ ਜਿੱਤ ਪ੍ਰਾਪਤ ਕਰਕੇ ਸੱਤਾ 'ਤੇ ਆਪਣੀ ਪਕੜ ਹੋਰ ਮਜ਼ਬੂਤ ਕਰ ਲਈ ਹੈ। ਪੁਡੂਚੇਰੀ ਵਿੱਚ ਭਾਜਪਾ ਦੀ ਅਗਵਾਈ ਵਾਲੇ ਐਨ.ਡੀ.ਏ. ਗਠਜੋੜ ਨੇ ਬਹੁਮਤ ਹਾਸਲ ਕਰ ਲਿਆ ਹੈ। ਕੇਰਲਾ ਵਿੱਚ ਕਾਂਗਰਸ ਦੇ ਗਠਜੋੜ ਯੂ.ਡੀ.ਐਫ. ਨੇ ਜਿੱਤ ਦੇ ਝੰਡੇ ਗੱਡੇ ਹਨ ਜਦ ਕਿ ਤਾਮਿਲਨਾਡੂ ਵਿੱਚ ਅਭਿਨੇਤਾ ਵਿਜੇ ਦੀ ਨਵੀਂ ਪਾਰਟੀ ਟੀ.ਵੀ.ਕੇ. ਨੇ ਸਭ ਤੋਂ ਵੱਡੀ ਪਾਰਟੀ ਵਜੋਂ ਉਭਰ ਕੇ ਸਿਆਸਤਦਾਨਾਂ ਨੂੰ ਹੈਰਾਨ ਕਰ ਦਿੱਤਾ ਹੈ।

ਖ਼ਬਰ ਲਿਖੇ ਜਾਣ ਤੱਕ ਇਨ੍ਹਾਂ ਨਤੀਜਿਆਂ ਅਨੁਸਾਰ ਪੱਛਮੀ ਬੰਗਾਲ ਦੀਆਂ 293 ਵਿਧਾਨ ਸਭਾ ਸੀਟਾਂ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਇਤਿਹਾਸਕ ਜਿੱਤ ਦਰਜ ਕੀਤੀ ਹੈ। ਤਾਜ਼ਾ ਅੰਕੜਿਆਂ ਅਨੁਸਾਰ ਭਾਜਪਾ ਨੇ ਸਰਕਾਰ ਬਣਾਉਣ ਲਈ ਲੋੜੀਂਦੇ ਅੰਕੜੇ ਨੂੰ ਪਾਰ ਕਰ ਲਿਆ ਹੈ ਅਤੇ ਉਹ 200 ਤੋਂ ਵੱਧ ਸੀਟਾਂ ਜਿੱਤਦੀ ਨਜ਼ਰ ਆਈ। ਦੂਜੇ ਪਾਸੇ, ਸੱਤਾਧਾਰੀ ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ.) ਲਈ ਇਹ ਵੱਡਾ ਝਟਕਾ ਹੈ ਕਿਉਂਕਿ ਪਾਰਟੀ 100 ਸੀਟਾਂ ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ। ਕਾਂਗਰਸ ਨੇ 2, ਏ.ਜੇ.ਯੂ.ਪੀ. ਨੇ 2 ਅਤੇ ਸੀ.ਪੀ.ਆਈ.ਐਮ. 1 ਸੀਟ 'ਤੇ ਜੇਤੂ ਰਹੀ ਹੈ।

ਦੂਜੇ ਪਾਸੇ ਆਸਾਮ 'ਚ ਭਾਜਪਾ ਨੇ ਜਿੱਤ ਦੀ ਹੈਟ੍ਰਿਕ ਬਣਾਉਂਦਿਆਂ ਕੁੱਲ 126 ਸੀਟਾਂ ਵਿੱਚੋਂ ਭਾਜਪਾ ਨੇ 81 ਸੀਟਾਂ ਜਿੱਤ ਕੇ ਸਪੱਸ਼ਟ ਬਹੁਮਤ ਹਾਸਲ ਕਰ ਲਿਆ ਹੈ। ਸੂਬੇ 'ਚ ਕਾਂਗਰਸ 18, ਬੀ.ਓ.ਪੀ.ਐਫ. ਨੂੰ 10, ਏ.ਜੀ.ਪੀ. ਨੂੰ 10 ਅਤੇ ਏ.ਆਈ.ਯੂ.ਡੀ.ਐਫ. ਨੂੰ 2 ਸੀਟਾਂ ਮਿਲੀਆਂ ਹਨ।

ਪੁਡੂਚੇਰੀ ਵਿਧਾਨ ਸਭਾ ਚੋਣਾਂ ਚ ਭਾਜਪਾ ਦੀ ਅਗਵਾਈ ਵਾਲੇ ਐੱਨ.ਡੀ.ਏ. ਗਠਜੋੜ ਨੇ ਬਹੁਮਤ ਹਾਸਲ ਕਰਕੇ ਸ਼ਾਨਦਾਰ ਜਿੱਤ ਦਰਜ ਕੀਤੀ ਹੈ। 30 ਵਿਧਾਨ ਸਭਾ ਹਲਕਿਆਂ ਲਈ ਹੋਈ ਵੋਟਾਂ ਦੀ ਗਿਣਤੀ ਵਿੱਚ ਗਠਜੋੜ ਨੇ 18 ਸੀਟਾਂ ਜਿੱਤ ਕੇ ਸਪੱਸ਼ਟ ਬਹੁਮਤ ਪ੍ਰਾਪਤ ਕਰ ਲਿਆ ਹੈ।

ਦੂਜੇ ਪਾਸੇ, ਕਾਂਗਰਸ ਨੂੰ ਕੇਵਲ 6 ਸੀਟਾਂ ਮਿਲੀਆਂ ਹਨ ਅਤੇ ਟੀ.ਵੀ.ਕੇ. ਨੇ 3 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ।

ਕੇਰਲਾ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਵਿੱਚ ਕਾਂਗਰਸ ਦੀ ਅਗਵਾਈ ਵਾਲੇ ਸੰਯੁਕਤ ਲੋਕਤੰਤਰੀ ਮੋਰਚੇ (ਯੂ.ਡੀ.ਐੱਫ.) ਨੇ ਇਤਿਹਾਸਕ ਜਿੱਤ ਦਰਜ ਕਰਦਿਆਂ ਸੱਤਾ ਵਿੱਚ ਵਾਪਸੀ ਕੀਤੀ ਹੈ। 140 ਮੈਂਬਰੀ ਵਿਧਾਨ ਸਭਾ ਵਿੱਚ ਯੂ.ਡੀ.ਐੱਫ. ਨੇ 102 ਸੀਟਾਂ 'ਤੇ ਕਬਜ਼ਾ ਕੀਤਾ ਹੈ, ਜੋ ਕਿ ਗਠਜੋੜ ਲਈ ਇੱਕ ਨਿਰਣਾਇਕ ਵਾਪਸੀ ਵਜੋਂ ਦੇਖਿਆ ਜਾ ਰਿਹਾ ਹੈ। ਇਸ ਜਿੱਤ ਵਿੱਚ ਕਾਂਗਰਸ ਪਾਰਟੀ ਨੇ ਇਕੱਲਿਆਂ ਹੀ 63 ਸੀਟਾਂ ਜਿੱਤੀਆਂ ਹਨ। ਗਠਜੋੜ ਦੇ ਹੋਰ ਸਹਿਯੋਗੀਆਂ ਵਿੱਚ ਇੰਡੀਅਨ ਯੂਨੀਅਨ ਮੁਸਲਿਮ ਲੀਗ ਨੇ 22 ਸੀਟਾਂ ਦਾ ਯੋਗਦਾਨ ਪਾਇਆ ਜਦਕਿ ਕੇਰਲਾ ਕਾਂਗਰਸ ਦੇ ਵੱਖ-ਵੱਖ ਗੁੱਟਾਂ, ਆਰ.ਐੱਸ.ਪੀ. ਅਤੇ ਆਜ਼ਾਦ (ਬਾਕੀ 15 'ਤੇ)

ਚੋਣਾਂ 'ਚ ਭਾਜਪਾ ਦੀ ਇਤਿਹਾਸਕ ਜਿੱਤ 'ਤੇ ਪ੍ਰਧਾਨ ਮੰਤਰੀ ਨੇ ਜਤਾਈ ਖ਼ੁਸ਼ੀ

ਹੁਣ ਗੰਗੋਤਰੀ ਤੋਂ ਗੰਗਾਸਾਗਰ ਤੱਕ ਖਿੜਿਆ 'ਕਮਲ': ਮੋਦੀ



ਨਵੀਂ ਦਿੱਲੀ, 4 ਮਈ (ਚ.ਨ.ਸ.):ਪੱਛਮੀ ਬੰਗਾਲ ਅਤੇ ਆਸਾਮ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਵੱਡੀ ਬਹੁਮਤ ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸੋਮਵਾਰ ਸ਼ਾਮ ਨੂੰ ਦਿੱਲੀ ਸਥਿਤ ਪਾਰਟੀ ਹੈੱਡਕੁਆਰਟਰ ਵਿਖੇ ਭਰਵਾਂ ਤੇ ਜੋਸ਼ੀਲਾ ਸਵਾਗਤ ਕੀਤਾ ਗਿਆ। ਇਸ ਮੌਕੇ ਪੂਰਾ ਕੰਪਲੈਕਸ 'ਮੋਦੀ-ਮੋਦੀ' ਤੇ 'ਜੈ ਸ਼੍ਰੀ ਰਾਮ' ਦੇ ਨਾਅਰਿਆਂ ਨਾਲ ਗੂੰਜ ਉੱਠਿਆ। ਪੀਐਮ ਮੋਦੀ ਨੇ ਆਪਣੇ ਸੰਬੋਧਨ ਦੀ ਸ਼ੁਰੂਆਤ 'ਭਾਰਤ ਮਾਤਾ ਦੀ ਜੈ' ਦੇ (ਬਾਕੀ 15 'ਤੇ)

4 ਸੂਬਿਆਂ ਦੀਆਂ ਜ਼ਿਮਨੀ ਚੋਣਾਂ 'ਚ ਵੀ ਭਾਜਪਾ ਰਹੀ ਜੇਤੂ

ਨਵੀਂ ਦਿੱਲੀ, 4 ਮਈ (ਚ.ਨ.ਸ.):ਗੁਜਰਾਤ ਦੀ ਉਮਰੇਠ ਵਿਧਾਨ ਸਭਾ ਸੀਟ 'ਤੇ ਹੋਈਆਂ ਜ਼ਿਮਨੀ ਚੋਣਾਂ 'ਚ ਭਾਜਪਾ ਦੇ ਉਮੀਦਵਾਰ ਹਰਸ਼ਦ ਪਰਮਾਰ ਨੇ ਕਾਂਗਰਸ ਦੇ ਆਪਣੇ ਨਜ਼ਦੀਕੀ ਮੁਕਾਬਲੇਬਾਜ਼ ਭ੍ਰਿਗੁਰਾਜ ਸਿੰਘ ਚੌਹਾਨ ਨੂੰ 30,000 ਤੋਂ ਵੱਧ ਵੋਟਾਂ ਦੇ ਅੰਤਰ ਨਾਲ ਹਰਾ ਕੇ ਸੋਮਵਾਰ ਨੂੰ ਜਿੱਤ ਹਾਸਲ ਕੀਤੀ। ਚੋਣ ਕਮਿਸ਼ਨ ਅਨੁਸਾਰ, ਪਰਮਾਰ ਨੂੰ 85,500 ਵੋਟ ਮਿਲੇ, ਜਦੋਂ ਕਿ ਚੌਹਾਨ ਨੂੰ 54,757 ਵੋਟਾਂ ਪ੍ਰਾਪਤ ਹੋਈਆਂ। ਚਾਰ ਹੋਰ ਉਮੀਦਵਾਰ- ਤਿੰਨ ਆਜ਼ਾਦ ਅਤੇ ਇਕ ਹੋਰ ਪਾਰਟੀ ਤੋਂ- ਉਨ੍ਹਾਂ ਤੋਂ ਕਾਫ਼ੀ ਪਿੱਛੇ ਰਹਿ ਗਏ ਅਤੇ 1,000 ਵੋਟਾਂ ਦਾ ਅੰਕੜਾ ਵੀ ਪਾਰ ਨਹੀਂ ਕਰ ਸਕੇ। ਉੱਥੇ ਹੀ ਉੱਤਰ ਤ੍ਰਿਪੁਰਾ ਦੀ ਧਰਮਨਗਰ ਵਿਧਾਨ ਸਭਾ ਸੀਟ 'ਤੇ ਹੋਈਆਂ ਜ਼ਿਮਨੀ (ਬਾਕੀ 15 'ਤੇ)

ਪੰਜਾਬ ਦੇ ਐਡਵੋਕੇਟ ਜਨਰਲ ਬੇਦੀ ਨੂੰ ਬਿਸ਼ਨੋਈ ਗੈਂਗ ਤੋਂ ਮਿਲੀ ਜਾਨੋਂ ਮਾਰਨ ਦੀ ਧਮਕੀ



ਚੰਡੀਗੜ੍ਹ, 4 ਮਈ (ਚ.ਨ.ਸ.): ਪੰਜਾਬ ਦੇ ਐਡਵੋਕੇਟ ਜਨਰਲ (ਏ.ਜੀ.) ਮਨਿੰਦਰਜੀਤ ਸਿੰਘ ਬੇਦੀ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲੀਆਂ ਹਨ। ਇਹ ਧਮਕੀਆਂ ਸੂਬਾ ਸਰਕਾਰ ਵੱਲੋਂ ਗੈਂਗਸਟਰ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਵਾਲੀ ਸਮੱਗਰੀ ਖ਼ਿਲਾਫ਼ ਕੀਤੀ ਗਈ ਸਖ਼ਤੀ ਤੋਂ ਬਾਅਦ ਆਈਆਂ ਹਨ, ਜਿਸ ਵਿੱਚ ਗੈਂਗਸਟਰ ਲਾਰੈਂਸ ਬਿਸ਼ਨੋਈ ਉੱਤੇ ਕਥਿਤ ਤੌਰ 'ਤੇ ਆਧਾਰਿਤ ਵੈੱਬ ਸੀਰੀਜ਼ 'ਲਾਰੈਂਸ ਆਫ ਪੰਜਾਬ' ਦੇ ਟ੍ਰੇਲਰ ਨੂੰ ਬਲਾਕ ਕਰਨਾ ਵੀ ਸ਼ਾਮਲ ਹੈ। ਬਿਸ਼ਨੋਈ ਇਸ ਸਮੇਂ ਕਤਲ, ਫਿਰੌਤੀ ਅਤੇ ਨਸ਼ਾ ਤਸਕਰੀ ਦੇ ਕਈ ਮਾਮਲਿਆਂ ਵਿੱਚ ਅਹਿਮਦਾਬਾਦ ਦੀ ਉੱਚ ਸੁਰੱਖਿਆ ਵਾਲੀ ਸਾਬਰਮਤੀ ਕੇਂਦਰੀ ਜੇਲ੍ਹ ਵਿੱਚ ਬੰਦ ਹੈ। ਪੁਲਿਸ ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਹੈ ਕਿ ਐਡਵੋਕੇਟ ਜਨਰਲ ਬੇਦੀ ਨੂੰ ਦੋ ਵਾਰ ਧਮਕੀ ਭਰੇ ਸੰਦੇਸ਼ ਮਿਲੇ ਹਨ, ਜਿਨ੍ਹਾਂ ਵਿੱਚੋਂ ਇੱਕ ਕੁਝ ਸਮਾਂ ਪਹਿਲਾਂ ਅਤੇ ਦੂਜਾ ਹਾਲ ਹੀ ਵਿੱਚ (ਬਾਕੀ 15 'ਤੇ)

ਕੇਂਦਰ ਸਰਕਾਰ ਦਾ ਵੱਡਾ ਫ਼ੈਸਲਾ

ਚੀਨ ਦੇ ਹਿੱਸੇਦਾਰੀ ਵਾਲੀਆਂ ਕੰਪਨੀਆਂ ਲਈ ਨਿਵੇਸ਼ ਨਿਯਮ ਬਦਲੇ



ਨਵੀਂ ਦਿੱਲੀ, 4 ਮਈ (ਚ.ਨ.ਸ.): ਭਾਰਤ ਸਰਕਾਰ ਨੇ ਵਿਦੇਸ਼ੀ ਸਿੱਧੇ ਨਿਵੇਸ਼ (ਐਫ.ਡੀ.ਆਈ.) ਦੇ ਨਿਯਮਾਂ ਵਿੱਚ ਇੱਕ ਅਹਿਮ ਤਬਦੀਲੀ ਕਰਦਿਆਂ ਚੀਨੀ ਹਿੱਸੇਦਾਰੀ ਵਾਲੀਆਂ ਵਿਦੇਸ਼ੀ ਕੰਪਨੀਆਂ ਨੂੰ ਵੱਡੀ ਰਾਹਤ ਦਿੱਤੀ ਹੈ। ਨਵੇਂ ਨਿਯਮਾਂ ਅਨੁਸਾਰ, ਹੁਣ ਉਹ ਵਿਦੇਸ਼ੀ ਕੰਪਨੀਆਂ ਜਿਨ੍ਹਾਂ ਵਿੱਚ ਚੀਨ ਦੀ ਹਿੱਸੇਦਾਰੀ 10 ਫੀਸਦੀ ਤੱਕ ਹੈ, ਭਾਰਤ ਵਿੱਚ ਬਿਨਾਂ ਸਰਕਾਰੀ ਮਨਜ਼ੂਰੀ ਦੇ 'ਆਟੋਮੈਟਿਕ ਰੂਟ' ਰਾਹੀਂ ਨਿਵੇਸ਼ ਕਰ ਸਕਣਗੀਆਂ। ਵਿੱਤ ਮੰਤਰਾਲੇ ਨੇ ਫੇਮਾ ਦੇ ਤਹਿਤ ਇਨ੍ਹਾਂ ਬਦਲਾਵਾਂ ਨੂੰ ਨੋਟੀਫਾਈ ਕਰ ਦਿੱਤਾ ਹੈ।

1 ਮਈ ਤੋਂ ਲਾਗੂ ਹੋਏ ਨਵੇਂ ਨਿਯਮ: ਇਹ ਨਵੇਂ ਨਿਯਮ 1 ਮਈ, 2026 ਤੋਂ ਦੇਸ਼ ਭਰ ਵਿੱਚ ਲਾਗੂ ਹੋ ਗਏ ਹਨ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਕੈਬਨਿਟ ਨੇ ਬੀਤੇ ਮਾਰਚ ਮਹੀਨੇ ਵਿੱਚ ਇਸ ਸਬੰਧੀ ਪ੍ਰੈਸ ਨੋਟ-3 (2020) ਵਿੱਚ ਬਦਲਾਅ ਨੂੰ ਮਨਜ਼ੂਰੀ ਦਿੱਤੀ ਸੀ। ਇਸ ਤੋਂ ਪਹਿਲਾਂ, ਭਾਰਤ ਨਾਲ ਜ਼ਮੀਨੀ ਸਰਹੱਦ ਸਾਂਝੀ ਕਰਨ ਵਾਲੇ ਦੇਸ਼ਾਂ (ਜਿਵੇਂ ਚੀਨ) ਦੀ ਹਿੱਸੇਦਾਰੀ ਵਾਲੀ ਕਿਸੇ ਵੀ ਕੰਪਨੀ ਨੂੰ ਭਾਰਤ ਵਿੱਚ ਇੱਕ ਵੀ ਸ਼ੇਅਰ ਨਿਵੇਸ਼ ਕਰਨ ਲਈ ਸਰਕਾਰ ਤੋਂ ਪਹਿਲਾਂ ਇਜਾਜ਼ਤ ਲੈਣੀ ਪੈਂਦੀ ਸੀ। ਹੁਣ 10 ਫੀਸਦੀ ਤੱਕ ਦੀ ਹਿੱਸੇਦਾਰੀ ਨੂੰ 'ਮਾਮੂਲੀ' ਮੰਨਦਿਆਂ ਇਹ ਛੋਟ ਦਿੱਤੀ ਗਈ ਹੈ।

ਕਿਨ੍ਹਾਂ ਦੇਸ਼ਾਂ 'ਤੇ ਲਾਗੂ ਹੋਣਗੇ ਇਹ ਨਿਯਮ ?: ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਹ ਰਾਹਤ ਸਿਰਫ ਉਨ੍ਹਾਂ ਵਿਦੇਸ਼ੀ ਕੰਪਨੀਆਂ ਲਈ ਹੈ ਜਿਨ੍ਹਾਂ ਵਿੱਚ ਚੀਨ ਜਾਂ ਹਾਂਗਕਾਂਗ ਦੀ ਹਿੱਸੇਦਾਰੀ 10 ਫੀਸਦੀ ਤੱਕ ਹੈ। ਹਾਲਾਂਕਿ, ਭਾਰਤ ਨਾਲ ਸਰਹੱਦ ਸਾਂਝੀ ਕਰਨ ਵਾਲੇ ਦੇਸ਼ਾਂ ਜਿਵੇਂ ਚੀਨ, ਪਾਕਿਸਤਾਨ, ਬੰਗਲਾਦੇਸ਼, ਨੇਪਾਲ, (ਬਾਕੀ 15 'ਤੇ)

ਮਰਦਮਸ਼ੁਮਾਰੀ ਵਿੱਚ ਪੰਜਾਬੀ ਨੂੰ 'ਮਾਂ-ਬੋਲੀ' ਵਜੋਂ ਦਰਜ ਕਰਵਾਓ: ਸੰਧਵਾਂ



ਫਰੀਦਕੋਟ, 4 ਮਈ (ਚ.ਨ.ਸ.):ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਕੋਟਕਪੂਰਾ ਦੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਅੱਜ ਰਾਜ ਅਤੇ ਦੇਸ਼ ਭਰ ਦੇ ਲੋਕਾਂ ਨੂੰ ਚੱਲ ਰਹੀ ਮਰਦਮਸ਼ੁਮਾਰੀ ਦੀ ਪ੍ਰਕਿਰਿਆ ਵਿੱਚ ਪੰਜਾਬੀ ਨੂੰ ਆਪਣੀ ਮਾਂ-ਬੋਲੀ ਵਜੋਂ ਦਰਜ ਕਰਵਾਉਣ ਦਾ ਸੱਦਾ ਦਿੱਤਾ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਕੋਟਕਪੂਰਾ ਦੇ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਅੱਜ ਸੂਬੇ ਅਤੇ ਦੇਸ਼ ਭਰ ਦੇ ਲੋਕਾਂ ਨੂੰ ਚੱਲ ਰਹੀ ਮਰਦਮਸ਼ੁਮਾਰੀ ਦੀ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਪੰਜਾਬੀ ਨੂੰ ਆਪਣੀ ਮਾਂ-ਬੋਲੀ ਵਜੋਂ ਦਰਜ ਕਰਵਾਉਣ ਦਾ ਸੱਦਾ ਦਿੱਤਾ ਹੈ। ਸਹੀ ਅੰਕੜੇ ਇਕੱਠੇ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਸਪੀਕਰ ਨੇ ਕਿਹਾ ਕਿ ਸਰਕਾਰੀ ਨੀਤੀਆਂ ਅਤੇ ਵਿਕਾਸ

ਸੰਪਾਦਕੀ

ਬਦਲਦੇ ਸਿਆਸੀ ਸਮੀਕਰਨ

ਦੇਸ਼ ਦੇ ਪੰਜ ਰਾਜਾਂ ਪੱਛਮੀ ਬੰਗਾਲ, ਅਸਾਮ, ਕੇਰਲਮ, ਤਾਮਿਲਨਾਡੂ ਅਤੇ ਪਾਂਡੀਚਰੀ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਭਾਰਤੀ ਲੋਕਤੰਤਰ ਦੀ ਵੰਨ-ਸੁਵੰਨਤਾ ਅਤੇ ਗੁੰਝਲਦਾਰ ਸਿਆਸੀ ਤਾਣੇ-ਬਾਣੇ ਨੂੰ ਇੱਕ ਵਾਰ ਫਿਰ ਸਾਹਮਣੇ ਲਿਆ ਦਿੱਤਾ ਹੈ। ਇਨ੍ਹਾਂ ਚੋਣਾਂ ਵਿੱਚ ਕੁੱਲ 824 ਵਿਧਾਇਕ ਚੁਣੇ ਗਏ ਅਤੇ ਇਹ ਨਤੀਜੇ 2029 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਦੇਸ਼ ਦੀਆਂ ਵੱਡੀਆਂ ਸਿਆਸੀ ਪਾਰਟੀਆਂ ਲਈ ਅਹਿਮ ਸੰਦੇਸ਼ ਲੈ ਕੇ ਆਏ ਹਨ। ਸਭ ਤੋਂ ਵੱਡਾ ਅਤੇ ਹੈਰਾਨ ਕਰਨ ਵਾਲਾ ਨਤੀਜਾ ਪੱਛਮੀ ਬੰਗਾਲ ਤੋਂ ਆਇਆ ਹੈ। ਭਾਜਪਾ ਨੇ ਪੱਛਮੀ ਬੰਗਾਲ ਵਿੱਚ ਫ਼ੈਸਲਾਕੁੰਨ ਬੜ੍ਹਤ ਹਾਸਲ ਕਰਦਿਆਂ 193 ਸੀਟਾਂ 'ਤੇ ਅੱਗੇ ਰਹੀ ਜਦਕਿ ਮਮਤਾ ਬੈਨਰਜੀ ਦੀ ਅਗਵਾਈ ਵਾਲੀ ਤ੍ਰਿਣਮੂਲ ਕਾਂਗਰਸ 92 ਸੀਟਾਂ 'ਤੇ ਸਿਮਟ ਗਈ। ਮਮਤਾ ਬੈਨਰਜੀ ਜੋ ਕਈ ਸਾਲਾਂ ਤੋਂ ਬੰਗਾਲ ਦੀ ਸਿਆਸਤ ਦੀ ਕੇਂਦਰ ਰਹੀ ਹੈ, ਦਾ ਇਹ ਨਤੀਜਾ ਉਨ੍ਹਾਂ ਦੀ ਪਾਰਟੀ ਦੇ ਰਾਜ ਪ੍ਰਬੰਧ ਵਿਰੁੱਧ ਲੋਕਾਂ ਦੇ ਗੁੱਸੇ ਦਾ ਪ੍ਰਗਟਾਵਾ ਹੈ। ਅਸਾਮ ਵਿੱਚ ਭਾਜਪਾ ਦੀ ਜਿੱਤ ਕੋਈ ਹੈਰਾਨੀ ਨਹੀਂ ਸੀ। ਅਸਾਮ ਵਿੱਚ ਮੁੱਖ ਮੰਤਰੀ ਹਿਮੰਤਾ ਬਿਸਵਾ ਸ਼ਰਮਾ ਨੇ ਜਲੁਕਬਾੜੀ ਤੋਂ 63,000 ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਜਿੱਤ ਦਰਜ ਕੀਤੀ ਅਤੇ ਭਾਜਪਾ ਨੇ 97 ਸੀਟਾਂ 'ਤੇ ਬੜ੍ਹਤ ਬਣਾਈ ਰੱਖੀ ਜੋ ਬਹੁਮਤ ਅੰਕ ਤੋਂ ਕਿਤੇ ਵੱਧ ਸੀ। ਪਾਂਡੀਚਰੀ ਵਿੱਚ ਵੀ ਭਾਜਪਾ ਦੀ ਅਗਵਾਈ ਵਾਲੇ ਗੱਠਜੋੜ ਨੇ ਚੰਗਾ ਪ੍ਰਦਰਸ਼ਨ ਕੀਤਾ। ਕੁੱਲ ਮਿਲਾ ਕੇ ਭਾਜਪਾ ਨੇ ਇਹ ਸਾਬਿਤ ਕਰ ਦਿੱਤਾ ਕਿ ਉਸਦਾ ਸੰਗਠਨ ਅਤੇ ਚੋਣ ਰਣਨੀਤੀ ਅਜੇ ਵੀ ਕਾਰਗਰ ਹੈ। ਕੇਰਲਮ ਵਿੱਚ ਕਾਂਗਰਸ ਦੀ ਅਗਵਾਈ ਵਾਲੇ ਸੰਯੁਕਤ ਲੋਕਤਾਂਤਰਿਕ ਫ਼ਰੰਟ ਦੀ ਜਿੱਤ ਨੇ ਵਿਰੋਧੀ ਖੇਮੇ ਵਿੱਚ ਉਤਸ਼ਾਹ ਦੀ ਲਹਿਰ ਦੌੜਾ ਦਿੱਤੀ ਹੈ। ਕਾਂਗਰਸ ਨੇਤਾ ਸ਼ਸ਼ੀ ਥਰੂਰ ਨੇ ਇਸ ਫ਼ੈਸਲੇ ਨੂੰ ਇਤਿਹਾਸਕ ਕਰਾਰ ਦਿੱਤਾ, ਇਹ ਕਹਿੰਦਿਆਂ ਕਿ ਸੰਯੁਕਤ ਲੋਕਤੰਤਰਿਕ ਫ਼ਰੰਟ 100 ਤੋਂ ਵੱਧ ਸੀਟਾਂ ਜਿੱਤ ਸਕਦਾ ਹੈ ਅਤੇ ਇਹ ਖੱਬੇ ਪੱਖੀਆਂ ਦੀ ਕੇਰਲ ਵਿੱਚ ਗਿਰਾਵਟ ਦਾ ਸੰਕੇਤ ਹੈ। ਰਾਜ ਵਿੱਚ ਐੱਲ ਡੀ ਐਫ ਅਤੇ ਸੰਯੁਕਤ ਲੋਕਤੰਤਰਿਕ ਫ਼ਰੰਟ ਵਿਚਕਾਰ ਹਰ ਚੋਣ ਸੱਤਾ ਬਦਲਣ ਦਾ ਕਾਂਗਰਸ ਲਈ ਇਹ ਜਿੱਤ ਕੌਮੀ ਪੱਧਰ 'ਤੇ ਵੀ ਪਾਰਟੀ ਦੇ ਮਨੋਬਲ ਨੂੰ ਉੱਚਾ ਚੁੱਕ ਸਕਦੀ ਹੈ। ਸਭ ਤੋਂ ਦਿਲਚਸਪ ਮੋੜ ਤਾਮਿਲਨਾਡੂ ਤੋਂ ਆਇਆ ਜਿੱਥੇ ਫ਼ਿਲਮ ਅਭਿਨੇਤਾ ਵਿਜੇ ਦੀ ਨਵੀਂ ਪਾਰਟੀ ਤਾਮਿਲਗ ਵੈੱਟਰੀ ਕੜਗਮ ਨੇ ਸਥਾਪਿਤ ਸਿਆਸੀ ਪਾਰਟੀਆਂ ਨੂੰ ਹੈਰਾਨ ਕਰ ਦਿੱਤਾ। ਤਾਮਿਲਨਾਡੂ ਵਿੱਚ ਦਹਾਕਿਆਂ ਤੋਂ ਡੀ ਐੱਮ ਕੇ ਅਤੇ ਅੰਨਾ ਡੀ ਐੱਮ ਕੇ ਦਾ ਦਬਦਬਾ ਰਿਹਾ ਹੈ, ਪਰ ਤਾਮਿਲਗ ਵੈੱਟਰੀ ਕੜਗ ਨੇ ਇਸ ਦੋ-ਪਾਰਟੀ ਦੀ ਸਿਆਸਤ ਨੂੰ ਸਿੱਧੀ ਚੁਣੌਤੀ ਦਿੱਤੀ। ਵਿਜੇ ਦੀ ਸਿਤਾਰਾ ਸ਼ਕਤੀ ਅਤੇ ਨੌਜਵਾਨਾਂ ਵਿੱਚ ਉਨ੍ਹਾਂ ਦੀ ਖਿੱਚ ਨੇ ਇਸ ਪਾਰਟੀ ਨੂੰ ਛੋਟੇ ਜਿਹੇ ਸਮੇਂ ਵਿੱਚ ਵੱਡਾ ਅਸਰ ਦਿਖਾਉਣ ਦੇ ਸਮਰੱਥ ਬਣਾਇਆ। ਇਹ ਦਰਸਾਉਂਦਾ ਹੈ ਕਿ ਭਾਰਤੀ ਵੋਟਰ, ਖਾਸ ਕਰਕੇ ਨੌਜਵਾਨ ਪੀੜ੍ਹੀ, ਬਦਲਾਅ ਲਈ ਤਿਆਰ ਹੈ। ਇਨ੍ਹਾਂ ਚੋਣਾਂ ਵਿੱਚ ਵੋਟਰਾਂ ਦੀ ਭਾਗੀਦਾਰੀ ਉਤਸ਼ਾਹਜਨਕ ਰਹੀ — ਪੱਛਮੀ ਬੰਗਾਲ ਵਿੱਚ 92%, ਅਸਾਮ ਵਿੱਚ 85.38%, ਤਾਮਿਲਨਾਡੂ ਵਿੱਚ 84.69% ਅਤੇ ਕੇਰਲਮ ਵਿੱਚ 79.63% ਤੱਕ ਮਤਦਾਨ ਹੋਇਆ। ਇੰਨੀ ਉੱਚੀ ਮਤਦਾਨ ਦਰ ਦੱਸਦੀ ਹੈ ਕਿ ਭਾਰਤੀ ਲੋਕਤੰਤਰ ਵਿੱਚ ਜਨਤਾ ਦਾ ਵਿਸ਼ਵਾਸ ਅਜੇ ਵੀ ਮਜ਼ਬੂਤ ਹੈ। ਇਨ੍ਹਾਂ ਨਤੀਜਿਆਂ ਵਿੱਚੋਂ ਸਾਂਝਾ ਸੰਦੇਸ਼ ਇਹ ਨਿਕਲਦਾ ਹੈ ਕਿ ਦੇਸ਼ ਦੀ ਜਨਤਾ ਕਿਸੇ ਇੱਕ ਪਾਰਟੀ ਦੀ ਅੰਨ੍ਹੀ ਪੈਰੋਕਾਰ ਨਹੀਂ। ਜਿੱਥੇ ਭਾਜਪਾ ਬੰਗਾਲ ਵਿੱਚ ਜਿੱਤ ਰਹੀ ਹੈ, ਉੱਥੇ ਕਾਂਗਰਸ ਕੇਰਲਮ ਵਿੱਚ ਸੱਤਾ ਵਾਪਸ ਲੈ ਰਹੀ ਹੈ ਅਤੇ ਤਾਮਿਲਨਾਡੂ ਵਿੱਚ ਨਵੀਂ ਤਾਕਤ ਉੱਭਰ ਰਹੀ ਹੈ। ਇਹ ਭਾਰਤੀ ਲੋਕਤੰਤਰ ਦੀ ਵੰਨ-ਸੁਵੰਨਤਾ ਅਤੇ ਪਰਿਪੱਕਤਾ ਦਾ ਸਬੂਤ ਹੈ। 2029 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਹ ਨਤੀਜੇ ਸਾਰੀਆਂ ਪਾਰਟੀਆਂ ਲਈ ਸਬਕ ਹਨ — ਕਿ ਸੱਤਾ ਦੀ ਲਾਲਸਾ ਤੋਂ ਪਰੇ ਹਟ ਕੇ ਜਨਤਾ ਦੀਆਂ ਅਸਲ ਸਮੱਸਿਆਵਾਂ ਰੁਜ਼ਗਾਰ, ਮਹਿੰਗਾਈ, ਸਿੱਖਿਆ ਅਤੇ ਸਿਹਤ ਨੂੰ ਤਰਜੀਹ ਦੇਣੀ ਪਵੇਗੀ। ਜਿਹੜੀ ਪਾਰਟੀ ਇਹ ਸਮਝ ਲੈਂਦੀ ਹੈ, ਉਹੀ ਜਿੱਤਦੀ ਹੈ ਅਤੇ ਜਿਹੜੀ ਭੁੱਲ ਜਾਂਦੀ ਹੈ, ਵੋਟਰ ਉਸਨੂੰ ਯਾਦ ਕਰਾ ਦਿੰਦੇ ਹਨ।

-ਜਗਜੀਤ ਸਿੰਘ ਦਰਦੀ

ਅੱਜ ਭਾਰਤੀ ਰਾਜਨੀਤੀ ਵਿੱਚ ਕਮਲ ਦਾ ਮਹਾਂ-ਤੂਫ਼ਾਨ

ਬੰਗਾਲ ਦਾ ਪਤਨ, ਅਸਾਮ ਦੀ ਹੈਟ੍ਰਿਕ ਅਤੇ ਇੱਕ ਨਵੀਂ ਰਾਜਨੀਤਿਕ ਹਕੀਕਤ ਦਾ ਉਦੈ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਦੇਸ਼ ਵਿੱਚ ਭਾਰਤੀ ਲੋਕਤੰਤਰ ਦਾ ਇੱਕ ਨਵਾਂ ਸੂਰਜ ਚੜ੍ਹਿਆ ਹੈ। ਭਾਰਤੀ ਲੋਕਤੰਤਰ ਦੇ ਇਤਿਹਾਸ ਵਿੱਚ ਕੁੱਝ ਅਧਿਆਏ ਅਜਿਹੇ ਲਿਖੇ ਜਾਂਦੇ ਹਨ, ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਸਾਲ ਬਣ ਜਾਂਦੇ ਹਨ। ਅੱਜ ਪੰਜ ਰਾਜਾਂ ਦੇ ਹਾਲੀਆ ਵਿਧਾਨ ਸਭਾ ਚੋਣ ਨਤੀਜੇ ਸਿਰਫ਼ ਰਾਜਨੀਤਿਕ ਪਾਰਟੀਆਂ ਦੀ ਹਾਰ-ਜਿੱਤ ਦਾ ਅੰਕੜਾ ਨਹੀਂ ਹਨ, ਸਗੋਂ ਇਹ ਭਾਰਤ ਦੇ ਵਿਚਾਰਧਾਰਕ ਭੂਗੋਲ ਦੇ ਬਦਲਣ ਦੀ ਘੋਸ਼ਣਾ ਹਨ। ਅੱਜ ਕੰਨਿਆ ਕੁਮਾਰੀ ਤੋਂ ਲੈ ਕੇ ਬ੍ਰਹਮਪੁੱਤਰ ਦੀਆਂ ਵਾਦੀਆਂ ਤੱਕ ਅਤੇ ਬੰਗਾਲ ਦੀ ਖਾੜੀ ਦੇ ਤੱਟਾਂ ਤੋਂ ਲੈ ਕੇ ਅਰਬ ਸਾਗਰ ਦੀਆਂ ਲਹਿਰਾਂ ਤੱਕ, ਅੱਜ ਜਿਸ ਕੇਸਰੀ ਸੁਨਾਮੀ ਜਾਂ ਕਮਲ ਦੇ ਤੂਫ਼ਾਨ ਦਾ ਅਨੁਭਵ ਦੇਸ਼ ਕਰ ਰਿਹਾ ਹੈ, ਉਸ ਨੇ ਦਹਾਕਿਆਂ ਪੁਰਾਣੇ ਸਥਾਪਿਤ ਨੈਰੇਟਿਵ ਨੂੰ ਮਲੀਆਮੇਟ ਕਰ ਦਿੱਤਾ ਹੈ। ਅੱਜ ਇਹ ਚੋਣ ਨਤੀਜੇ ਇੱਕ ਸਪੱਸ਼ਟ ਸੰਦੇਸ਼ ਦੇ ਰਹੇ ਹਨ—ਭਾਰਤੀ ਵੋਟਰ ਹੁਣ ਪਰਿਵਾਰਵਾਦ, ਤੁਸ਼ਟੀਕਰਨ ਅਤੇ ਖੇਤਰਵਾਦ ਦੀਆਂ ਤੰਗ ਗਲੀਆਂ ਵਿੱਚੋਂ ਬਾਹਰ ਨਿਕਲ ਕੇ ਰਾਸ਼ਟਰਵਾਦ ਅਤੇ ਅੰਤੋਦਿਆ ਦੇ ਮਹਾਂਮਾਰਗ 'ਤੇ ਚੱਲ ਪਿਆ ਹੈ। ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਦੇ ਅਜਿੱਤ ਮੰਨੇ ਜਾਣ ਵਾਲੇ ਕਿਲ੍ਹੇ ਦਾ ਢਹਿਣਾ, ਅਸਾਮ ਵਿੱਚ ਭਾਜਪਾ ਦਾ ਤੀਜੀ ਵਾਰ ਪ੍ਰਚੰਡ ਬਹੁਮਤ ਨਾਲ ਵਾਪਸ ਆਉਣਾ ਅਤੇ ਪੁਡੂਚੇਰੀ ਵਿੱਚ ਸੱਜੇ-ਪੱਖੀ ਵਿਚਾਰਧਾਰਾ ਦਾ ਪਰਚਮ ਲਹਿਰਾਉਣਾ, ਇਹ ਸਾਬਤ ਕਰਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਭਕਾ ਸਾਥ, ਸਭਕਾ ਵਿਕਾਸ ਸਿਰਫ਼ ਇੱਕ ਨਾਅਰਾ ਨਹੀਂ, ਬਲਕਿ ਇੱਕ ਰਾਜਨੀਤਿਕ ਹਕੀਕਤ ਬਣ ਚੁੱਕਾ ਹੈ।

ਅੱਜ ਪੱਛਮੀ ਬੰਗਾਲ ਦੀਦੀ ਦੇ ਸਾਮਰਾਜ ਦਾ ਅੰਤ ਅਤੇ ਭਗਵਾਂ ਉਦੈ ਹੋਇਆ ਹੈ। ਪੱਛਮੀ ਬੰਗਾਲ ਦੀ ਰਾਜਨੀਤੀ ਹਮੇਸ਼ਾ ਹੀ ਪ੍ਰਤੀਬੱਧ ਅਤੇ ਹਿੰਸਕ ਰਹੀ ਹੈ। 34 ਸਾਲਾਂ ਦ ਖੱਬੇਪੱਖੀ ਸ਼ਾਸਨ ਤੋਂ ਬਾਅਦ ਜਦੋਂ ਮਮਤਾ ਬੈਨਰਜੀ ਸੱਤਾ ਵਿੱਚ ਆਈ, ਤਾਂ ਲੱਗਿਆ ਸੀ ਕਿ ਪਰਿਵਰਤਨ ਹੋਵੇਗਾ। ਪਰ 15 ਸਾਲਾਂ ਦੇ ਸ਼ਾਸਨ ਤੋਂ ਬਾਅਦ ਪਰਿਵਰਤਨ ਦਾ ਅਰਥ ਸਿਰਫ਼ ਤਾਨਾਸ਼ਾਹੀ, ਭ੍ਰਿਸ਼ਟਾਚਾਰ ਅਤੇ ਰਾਜਨੀਤਿਕ ਬਦਲੇ ਦੀ ਭਾਵਨਾ ਬਣ ਕੇ ਰਹਿ ਗਿਆ ਹੈ।

ਅੱਜ ਅੰਕੜਿਆਂ ਦੀ ਗਵਾਹੀ ਅਤੇ ਸੱਤਾ ਦਾ ਪਤਨ 293 ਵਿਧਾਨ ਸਭਾ ਸੀਟਾਂ ਵਾਲੇ ਇਸ ਮਹੱਤਵਪੂਰਨ ਰਾਜ ਵਿੱਚ ਭਾਜਪਾ ਨੇ ਜਿਸ ਤਰ੍ਹਾਂ 203 ਸੀਟਾਂ ਦਾ ਜਾਦੂਈ ਅੰਕੜਾ ਛੂਹਿਆ ਹੈ, ਉਸ ਨੇ ਟੀਐੱਮਸੀ ਦੇ ਜਥੇਬੰਦਕ ਢਾਂਚੇ ਨੂੰ ਜੜ੍ਹੋਂ ਉਖਾੜ ਦਿੱਤਾ ਹੈ। ਇਹ ਜਿੱਤ ਇਸ ਲਈ ਵੀ ਮਹੱਤਵਪੂਰਨ ਹੈ ਕਿਉਂਕਿ 2011 ਵਿੱਚ ਜਿਸ ਭਾਜਪਾ ਕੋਲ ਬੰਗਾਲ ਵਿੱਚ ਨਾਮੁਨਾਤਰ ਸੀਟਾਂ ਸਨ, ਉਸ ਨੇ ਅੱਜ 203 ਦਾ ਅੰਕੜਾ ਪਾਰ ਕਰਕੇ ਇਤਿਹਾਸ ਰਚ ਦਿੱਤਾ ਹੈ।

ਨੰਦੀਗ੍ਰਾਮ ਵਿੱਚ ਸੱਤਾ ਦੇ ਹੰਕਾਰ ਦੀ ਹਾਰ ਇਸ ਚੋਣ ਦਾ ਸਭ ਤੋਂ ਮਹੱਤਵਪੂਰਨ ਕੇਂਦਰ ਨੰਦੀਗ੍ਰਾਮ ਰਿਹਾ ਹੈ। ਸੁਵਿੰਦੂ ਅਧਿਕਾਰੀ ਦੀ ਜਿੱਤ ਅਤੇ ਮਮਤਾ ਬੈਨਰਜੀ ਦੀ ਆਪਣੀ ਰਵਾਇਤੀ ਜ਼ਮੀਨ 'ਤੇ ਹਾਰ ਨੇ ਇਹ ਸਾਬਤ ਕਰ ਦਿੱਤਾ ਕਿ ਬੰਗਾਲ ਦੀ ਜਨਤਾ ਹੁਣ ਸਟ੍ਰੀਟ ਫਾਈਟਰ ਦੇ ਅਕਸ ਤੋਂ ਅੱਕ ਚੁੱਕੀ ਹੈ। ਨੰਦੀਗ੍ਰਾਮ ਸਿਰਫ਼ ਇੱਕ ਸੀਟ ਨਹੀਂ ਸੀ, ਇਹ ਮਮਤਾ ਬੈਨਰਜੀ ਦੇ ਹਉਮੈ ਦੀ ਲੜਾਈ ਸੀ, ਜਿਸ ਨੂੰ ਬੰਗਾਲ ਦੀ ਜਾਗਰੂਕ ਜਨਤਾ ਨੇ ਮਿੱਟੀ ਵਿੱਚ ਮਿਲਾ ਦਿੱਤਾ ਹੈ। ਅੱਜ ਮੁਸਲਿਮ ਬਹੁਲ ਖੇਤਰਾਂ ਵਿੱਚ ਸੰਨ੍ਹ ਮਾਲਦਾ ਅਤੇ ਮੁਰਸ਼ਿਦਾਬਾਦ ਵਰਗੇ ਖੇਤਰਾਂ ਨੂੰ ਹਮੇਸ਼ਾ ਕਾਂਗਰਸ ਜਾਂ ਟੀਐੱਮਸੀ ਦਾ ਸੁਰੱਖਿਅਤ ਗੜ੍ਹ ਮੰਨਿਆ ਜਾਂਦਾ ਸੀ। ਪਰ ਇਹਨਾਂ ਚੋਣਾਂ ਵਿੱਚ ਇਹਨਾਂ ਖੇਤਰਾਂ ਤੋਂ ਭਾਜਪਾ ਨੂੰ ਮਿਲੀ ਵੱਡੀ ਜਿੱਤ ਨੇ ਰਾਜਨੀਤਿਕ ਵਿਸ਼ਲੇਸ਼ਕਾਂ ਨੂੰ ਚੌਂਕਾ ਦਿੱਤਾ ਹੈ। ਇਹ ਜਿੱਤ ਦਰਸਾਉਂਦੀ ਹੈ ਕਿ ਤਿੰਨ ਤਲਾਕ ਦੀ ਸਮਾਪਤੀ ਅਤੇ ਆਵਾਸ ਯੋਜਨਾ ਵਰਗੀਆਂ ਕਲਿਆਣਕਾਰੀ ਸਕੀਮਾਂ ਨੇ ਮੁਸਲਿਮ ਔਰਤਾਂ ਅਤੇ ਅਗਾਂਹਵਧੂ ਨੌਜਵਾਨਾਂ ਦੇ ਮਨ ਵਿੱਚ ਭਾਜਪਾ ਪ੍ਰਤੀ ਵਿਸ਼ਵਾਸ ਪੈਦਾ ਕੀਤਾ ਹੈ। ਤੁਸ਼ਟੀਕਰਨ ਦੀ ਰਾਜਨੀਤੀ ਹੁਣ ਆਪਣੇ ਆਖ਼ਰੀ ਸਾਹ ਗਿਣ ਰਹੀ ਹੈ। ਅੱਜ ਅਸਾਮ ਵਿੱਚ ਵਿਕਾਸ ਦਾ ਹਿਮੰਤ ਮਾਡਲ ਅਤੇ ਉੱਤਰ-ਪੂਰਬ ਦਾ ਏਕੀਕਰਨ ਅਤੇ ਅਸਾਮ ਵਿੱਚ ਭਾਜਪਾ ਦੀ ਲਗਾਤਾਰ ਤੀਜੀ ਵਾਰ ਜਿੱਤ (126 ਵਿੱਚੋਂ 101 ਸੀਟਾਂ ਗਠਜੋੜ ਸਮੇਤ) ਉੱਤਰ-ਪੂਰਬੀ ਭਾਰਤ ਦੀ ਰਾਜਨੀਤੀ ਦਾ ਸਭ ਤੋਂ ਵੱਡਾ ਗੌਰਵਮਈ ਅਧਿਆਇ ਹੈ। ਅੱਜ ਸ਼ਾਂਤੀ ਅਤੇ ਸੁਰੱਖਿਆ ਦਾ ਨਵਾਂ ਦੌਰ ਹੈ ਪਰ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਅਸਾਮ ਨੂੰ ਅੱਤਵਾਦ, ਬੰਦ ਅਤੇ ਹਿੰਸਾ ਦੇ ਦੌਰ ਵਿੱਚੋਂ ਬਾਹਰ ਕੱਢ ਕੇ ਵਿਕਾਸ ਦੇ ਹਾਈਵੇਅ 'ਤੇ ਖੜ੍ਹਾ ਕਰ ਦਿੱਤਾ ਹੈ। ਬੋਡੋ ਸ਼ਾਂਤੀ ਸਮਝੌਤਾ ਅਤੇ ਦਹਾਕਿਆਂ ਪੁਰਾਣੇ ਵਿਦਰੋਹੀ ਸਮੂਹਾਂ ਦਾ ਮੁੱਖ ਧਾਰਾ ਵਿੱਚ ਆਉਣਾ, ਭਾਜਪਾ ਦੀ ਸਭ ਤੋਂ ਵੱਡੀ ਉਪਲਬਧੀ ਰਹੀ ਹੈ।

ਅੱਜ ਸੀ.ਏ.ਏ. ਅਤੇ ਰਾਸ਼ਟਰੀ ਪਛਾਣ ਅਤੇ ਵਿਰੋਧੀ ਧਿਰਾਂ ਨੇ ਨਾਗਰਿਕਤਾ (311) ਦੇ ਮੁੱਦੇ 'ਤੇ ਅਸਾਮ ਨੂੰ ਸੁਲਗਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਜਨਤਾ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਉਨ੍ਹਾਂ ਲਈ ਰਾਸ਼ਟਰੀ ਸੁਰੱਖਿਆ ਅਤੇ ਘੁਸਪੈਠ 'ਤੇ ਲਗਾਮ ਸਭ ਤੋਂ ਵੱਡੀ ਤਰਜੀਹ ਹੈ। ਅੱਜ 101 ਸੀਟਾਂ ਦਾ ਫਤਵਾ ਇਹ ਦੱਸਦਾ ਹੈ ਕਿ ਅਸਾਮ ਹੁਣ ਭਾਰਤ ਦਾ ਇੱਕ ਅਟੁੱਟ ਅਤੇ ਅਗਾਂਹਵਧੂ ਹਿੱਸਾ ਬਣ ਚੁੱਕਾ ਹੈ, ਜਿੱਥੇ ਹੁਣ ਸਿਰਫ਼ ਵਿਕਾਸ ਦੀ ਭਾਸ਼ਾ ਬੋਲੀ ਜਾਂਦੀ ਹੈ।

ਅੱਜ ਪੁਡੂਚੇਰੀ ਅਤੇ ਦੱਖਣ ਭਾਰਤ: ਦ੍ਰਾਵਿੜ ਪਛਾਣ ਅਤੇ ਰਾਸ਼ਟਰੀ ਵਿਚਾਰਧਾਰਾ ਦਾ ਸੰਗਮ ਦੱਖਣ ਭਾਰਤ ਨੂੰ ਹਮੇਸ਼ਾ ਭਾਜਪਾ ਲਈ ਇੱਕ ਔਖਾ ਕਿਲ੍ਹਾ ਮੰਨਿਆ ਜਾਂਦਾ ਸੀ। ਪਰ ਪੁਡੂਚੇਰੀ ਵਿੱਚ ਭਾਜਪਾ ਅਤੇ ਉਸਦੇ ਸਹਿਯੋਗੀਆਂ ਵੱਲੋਂ 30 ਵਿੱਚੋਂ 17 ਸੀਟਾਂ ਜਿੱਤ ਕੇ ਸਰਕਾਰ ਬਣਾਉਣਾ ਇੱਕ ਮਨੋਵਿਗਿਆਨਕ ਜਿੱਤ ਹੈ।

ਅੱਜ ਦ੍ਰਾਵਿੜ ਰਾਜਨੀਤੀ ਵਿੱਚ ਬਦਲਾਅ ਦੀ ਹਵਾ: ਤਮਿਲਨਾਡੂ ਵਿੱਚ ਹਾਲਾਂਕਿ ਡੀਐੱਮਕੇ ਨੇ ਸੰਘਰਸ਼ ਕੀਤਾ, ਪਰ ਉੱਥੇ ਇੱਕ ਨਵੇਂ ਫਿਲਮੀ ਸਿਤਾਰੇ ਅਤੇ ਨਵੀਂ ਰਾਜਨੀਤਿਕ ਊਰਜਾ (TVK) ਦੇ ਉਭਾਰ ਨੇ ਸਥਾਪਿਤ ਦ੍ਰਾਵਿੜ ਪਾਰਟੀਆਂ ਦੀ ਨੀਂਦ ਉਡਾ ਦਿੱਤੀ ਹੈ। ਭਾਜਪਾ ਜਿਸ ਤਰ੍ਹਾਂ ਤਮਿਲਨਾਡੂ ਅਤੇ ਕੇਰਲਾ ਵਿੱਚ ਆਪਣੀ ਵੋਟ ਪ੍ਰਤੀਸ਼ਤ ਵਧਾ ਰਹੀ ਹੈ, ਉਹ ਭਵਿੱਖ ਵਿੱਚ ਅਖਿਲ ਭਾਰਤੀ ਭਾਜਪਾ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਵੱਡਾ ਕਦਮ ਹੈ। ਅੱਜ ਕੇਰਲਾ ਵਿੱਚ ਕਾਂਗਰਸ ਗਠਜੋੜ ਦੀ ਜਿੱਤ ਦੇ ਬਾਵਜੂਦ, ਭਾਜਪਾ ਦਾ ਉੱਥੇ ਵਿਚਾਰਧਾਰਕ ਚਰਚਾ ਦੀ ਮੁੱਖ ਧਾਰਾ ਬਣਨਾ ਇੱਕ ਵੱਡੀ ਉਪਲਬਧੀ ਹੈ। ਅੱਜ ਵਿਰੋਧੀ ਧਿਰਾਂ ਦਾ ਰਾਜਨੀਤਿਕ ਸੂਰਜ ਅਸਤ: ਕਿਉਂ ਅਸਫਲ ਹੋ ਰਿਹਾ ਹੈ ਐਂਟੀ-ਮੋਦੀ ਨੈਰੇਟਿਵ? ਇਹਨਾਂ ਪੰਜ ਰਾਜਾਂ ਦੇ ਨਤੀਜਿਆਂ ਨੇ ਵਿਰੋਧੀ ਧਿਰਾਂ, ਖਾਸ ਕਰਕੇ ਕਾਂਗਰਸ ਅਤੇ ਖੱਬੇਪੱਖੀ ਪਾਰਟੀਆਂ ਨੂੰ ਹੋਂਦ ਦੇ ਸੰਕਟ ਵਿੱਚ ਪਾ ਦਿੱਤਾ ਹੈ। ਅੱਜ ਕਾਂਗਰਸ ਦੀ ਅਪ੍ਰਸੰਗਿਕਤਾ ਤੇ ਕਾਂਗਰਸ ਅੱਜ ਸਿਰਫ਼ ਇੱਕ ਨਾਮ ਬਣ ਕੇ ਰਹਿ ਗਈ ਹੈ। ਬੰਗਾਲ ਵਿੱਚ ਇਸ ਦਾ ਸਿਫ਼ਰ 'ਤੇ ਸਿਮਟਣਾ ਅਤੇ ਅਸਾਮ ਵਿੱਚ ਹਾਰਨਾ ਇਹ ਦੱਸਦਾ ਹੈ ਕਿ ਜਨਤਾ ਹੁਣ ਅਜਿਹੀ ਲੀਡਰਸ਼ਿਪ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ ਜਿਸ ਕੋਲ ਨਾ ਕੋਈ ਵਿਜ਼ਨ (ਨਜ਼ਰੀਆ) ਹੈ ਅਤੇ ਨਾ ਹੀ ਸੰਗਠਨ ਹੈ। ਅੱਜ ਖੇਤਰੀ ਪਾਰਟੀਆਂ ਦੀਆਂ ਸੀਮਾਵਾਂ ਸੀਮਤ ਹੋ ਗਈਆਂ ਹਨ। ਮਮਤਾ ਬੈਨਰਜੀ, ਸਟਾਲਿਨ ਜਾਂ ਪਿਨਾਰਾਈ ਵਿਜਯਨ ਵਰਗੇ ਆਗੂ ਹੁਣ ਆਪਣੇ ਰਾਜਾਂ ਤੱਕ ਹੀ ਸੀਮਤ ਹੋ ਗਏ ਹਨ। ਤੀਜੇ ਮੋਰਚੇ ਦੀ ਧਾਰਨਾ ਹੁਣ ਇੱਕ ਖ਼ਿਆਲੀ ਪੁਲਾਅ ਵਾਂਗ ਲੱਗਦੀ ਹੈ। ਭਾਜਪਾ ਦੇ ਪ੍ਰੋ-ਇਨਕੰਬੈਂਸੀ (ਸੱਤਾ ਦੇ ਪੱਖ ਵਿੱਚ ਲਹਿਰ) ਦੇ ਸਾਹਮਣੇ ਵਿਰੋਧੀਆਂ ਦਾ ਨਕਾਰਾਤਮਕ ਪ੍ਰਚਾਰ ਤਾਸ਼ ਦੇ ਪੱਤਿਆਂ ਵਾਂਗ ਢਹਿ ਗਿਆ ਹੈ। ਅੱਜ ਭਾਜਪਾ ਦੀ ਸਫਲਤਾ ਦੇ ਸੂਤਰ, ਡੇਟਾ ਅਤੇ ਰਣਨੀਤੀ ਦਾ ਵਿਸ਼ਲੇਸ਼ਣ ਕੀਤਾ ਹੈ ਅਤੇ ਭਾਜਪਾ ਦੀ ਇਸ ਜਿ



ਛੀਨਾ ਨੇ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਬੰਗਾਲ, ਅਸਾਮ 'ਚ ਇਤਿਹਾਸਕ ਜਿੱਤ ਲਈ ਦਿੱਤੀ ਵਧਾਈ



ਅੰਮ੍ਰਿਤਸਰ, 4 ਮਈ (ਬਬਲੂ ਮਹਾਜਨ)—ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਪੱਛਮੀ ਬੰਗਾਲ ਦੀਆਂ ਵਿਧਾਨ ਸਭਾ ਚੋਣਾਂ 'ਚ ਪਾਰਟੀ ਦੀ ਇਤਿਹਾਸਕ ਜਿੱਤ ਅਤੇ ਅਸਾਮ 'ਚ ਲਗਾਤਾਰ ਤੀਜੀ ਜਿੱਤ ਲਈ ਪਾਰਟੀ ਦੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਜਿੱਤ ਸਿਰਫ਼ ਇਕ ਰਾਜਨੀਤਿਕ ਪਾਰਟੀ ਦੀ ਨਹੀਂ, ਸਗੋਂ ਦੇਸ਼ ਦੇ ਲੋਕਾਂ ਦੇ ਵਿਸ਼ਵਾਸ, ਉਮੀਦਾਂ ਅਤੇ ਵਿਕਾਸ ਪ੍ਰਤੀ ਉਨ੍ਹਾਂ ਦੇ ਸਮਰਪਣ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਦੋ ਵੱਡੇ ਰਾਜਾਂ ਦੇ ਲੋਕਾਂ ਨੇ ਭਾਜਪਾ ਦੀ ਨੀਤੀ, ਅਗਵਾਈ ਅਤੇ ਦੇਸ਼ ਨੂੰ ਅਗਾਂਹ ਲੈ ਜਾਣ ਦੀ ਸੋਚ 'ਤੇ ਭਰੋਸਾ ਜਤਾਇਆ ਹੈ, ਜਿਸ ਕਰਕੇ ਇਹ ਵੱਡੀ ਕਾਮਯਾਬੀ ਸੰਭਵ ਹੋਈ ਹੈ।ਇਸ ਮੌਕੇ ਸ: ਛੀਨਾ ਨੇ ਪਾਰਟੀ ਦੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਦਾ ਸਿਹਰਾ ਸ੍ਰੀ ਮੋਦੀ ਅਤੇ ਸ੍ਰੀ ਸ਼ਾਹ ਦੀ ਦੂਰਅੰਦੇਸ਼ੀ ਚੋਣ ਰਣਨੀਤੀ ਨੂੰ ਦਿੰਦਿਆਂ ਕਿਹਾ ਕਿ ਇਨ੍ਹਾਂ ਮੁੱਖ ਉਚ ਆਗੂਆਂ ਸਦਕਾ ਪਾਰਟੀ ਨੇ ਜਬਰਦਸਤ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਸ਼ਾਹ ਅਤੇ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਸ੍ਰੀ ਨਿਤਿਨ ਨਬੀਨ ਦੀ ਸੂਝ-ਬੂਝ ਨਾਲ ਯੋਜਨਾਬੰਦੀ, ਬੂਥ-ਪੱਧਰੀ ਪਾਰਟੀ ਕਾਡਰ ਦੀ ਤਾਕਤ, ਪਾਰਟੀ ਵਰਕਰਾਂ ਅਤੇ ਲੋਕਾਂ ਨਾਲ ਨਿਰੰਤਰ ਤਾਲਮੇਲ ਨੂੰ ਹੋਰ ਉਜਾਗਰ ਕੀਤਾ, ਜਿਸ ਨੇ ਜ਼ਮੀਨੀ ਪੱਧਰ 'ਤੇ ਸਮਰਥਨ ਜੁਟਾਉਣ 'ਚ ਫੈਸਲਾਕੁੰਨ ਭੂਮਿਕਾ ਨਿਭਾਈ। ਉਨ੍ਹਾਂ ਕਿਹਾ ਕਿ ਪਾਰਟੀ ਹਮੇਸ਼ਾਂ ਹੀ 'ਸਭਕਾ ਸਾਥ, ਸਭਕਾ ਵਿਕਾਸ, ਸਭਕਾ ਵਿਸ਼ਵਾਸ' ਦੇ ਸਿਧਾਂਤ 'ਤੇ ਕੰਮ ਕਰਦੀ ਆਈ ਹੈ ਅਤੇ ਅਗਾਂਹ ਵੀ ਇਸੇ ਦਿਸ਼ਾ 'ਚ ਲੋਕਾਂ ਦੀ ਸੇਵਾ ਕਰਦੀ ਰਹੇਗੀ। ਉਨ੍ਹਾਂ ਪੱਛਮੀ ਬੰਗਾਲ ਦੇ ਨਤੀਜੇ ਨੂੰ ਇਕ ਇਤਿਹਾਸਕ ਪ੍ਰਾਪਤੀ ਦੱਸਦਿਆਂ ਕਿਹਾ ਕਿ ਇਹ ਇਕ ਬਦਲਦੇ ਰਾਜਨੀਤਿਕ ਅਤੇ ਭਾਜਪਾ ਦੇ ਦ੍ਰਿਸ਼ਟੀਕੋਣ ਦੀ ਵੱਧਦੀ ਚੜ੍ਹਤ ਨੂੰ ਦਰਸਾਉਂਦਾ ਹੈ ਅਤੇ ਇਸ ਜਿੱਤ ਨਾਲ ਪਾਰਟੀ ਦੀ ਜ਼ਿੰਮੇਵਾਰੀ ਹੋਰ ਵੱਧ ਗਈ ਹੈ। ਉਨ੍ਹਾਂ ਅਸਾਮ 'ਚ ਲਗਾਤਾਰ ਤੀਜੀ ਵਾਰ ਜਿੱਤ ਪ੍ਰਾਪਤ ਕਰਨ ਲਈ ਪਾਰਟੀ ਵਰਕਰਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਕਤ ਨਤੀਜੇ ਭਾਜਪਾ ਦੀਆਂ ਨੀਤੀਆਂ, ਵਿਕਾਸ ਅਤੇ ਚੰਗੇ ਸ਼ਾਸਨ ਪ੍ਰਤੀ ਵਚਨਬੱਧਤਾ ਦਾ ਸਪੱਸ਼ਟ ਸਮਰਥਨ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਤੇਜਾ ਸਿੰਘ ਸਮੁੰਦਰੀ 'ਤੇ ਪੁਸਤਕ ਰਿਲੀਜ਼ ਸਮਾਰੋਹ ਅਤੇ ਸੈਮੀਨਾਰ ਕਰਵਾਇਆ

ਤੇਜਾ ਸਿੰਘ ਸਮੁੰਦਰੀ ਆਧੁਨਿਕ ਸਮਾਜ ਲਈ ਵੀ ਪ੍ਰਸੰਗਿਕ: ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ



ਅੰਮ੍ਰਿਤਸਰ, 4 ਮਈ 2026 (ਗੁਰਦਿਆਲ ਸਿੰਘ) — ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਸ. ਤੇਜਾ ਸਿੰਘ ਸਮੁੰਦਰੀ ਦੀ ਜੀਵਨ ਯਾਤਰਾ ਅਤੇ ਯੋਗਦਾਨ 'ਤੇ ਆਧਾਰਿਤ ਸੈਮੀਨਾਰ ਅਤੇ ਪੁਸਤਕ ਰਿਲੀਜ਼ ਸਮਾਰੋਹ ਯੂਨੀਵਰਸਿਟੀ ਦੇ ਗੋਲਡਨ ਜੂਬਲੀ ਕਨਵੈਂਸ਼ਨ ਸੈਂਟਰ ਵਿੱਚ ਕਰਵਾਇਆ ਗਿਆ। ਇਸ ਮੌਕੇ ਸ. ਤੇਜਾ ਸਿੰਘ ਸਮੁੰਦਰੀ ਦੇ ਜੀਵਨ ਉਪਰ ਡਾ. ਪਿਆਰ ਸਿੰਘ ਦੀ ਲਿਖੀ ਅਤੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਵੱਲੋਂ ਅੰਗਰੇਜ਼ੀ ਵਿੱਚ ਅਨੁਵਾਦਿਤ ਪੁਸਤਕ ਤੇਜਾ ਸਿੰਘ ਸਮੁੰਦਰੀ: ਜੀਵਨ ਅਤੇ ਯੋਗਦਾਨ ਪੰਜਾਬ ਦੇ ਰਾਜਪਾਲ ਅਤੇ ਯੂਨੀਵਰਸਿਟੀ ਦੇ ਚਾਂਸਲਰ ਸ਼੍ਰੀ ਗੁਲਾਬ ਚੰਦ ਕਟਾਰੀਆ, ਦਿੱਲੀ ਦੇ ਲਿਫਟਿਨੈਂਟ ਗਵਰਨਰ ਸ. ਤਰਨਜੀਤ ਸਿੰਘ ਸੰਧੂ ਅਤੇ ਚੰਡੀਗੜ੍ਹ ਦੇ ਡੀਜੀਪੀ ਡਾ. ਸਾਗਰਪ੍ਰੀਤ ਸਿੰਘ ਹੁੱਡਾ ਅਤੇ ਹੋਰ ਮਹਿਮਾਨਾਂ ਵੱਲੋਂ ਰਿਲੀਜ਼ ਕੀਤੀ ਗਈ।ਮੁੱਖ ਮਹਿਮਾਨ ਵਜੋਂ ਸੰਬੋਧਨ ਕਰਦੇ ਹੋਏ ਮਾਨਯੋਗ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਸ. ਤੇਜਾ ਸਿੰਘ ਸਮੁੰਦਰੀ ਦੀ ਗੁਰਦੁਆਰਾ ਸੁਧਾਰ ਲਹਿਰ ਵਿੱਚ ਭੂਮਿਕਾ ਨੂੰ ਉਜਾਗਰ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਵਿਰਾਸਤ ਭਵਿੱਖ ਦੀਆਂ ਪੀੜ੍ਹੀਆਂ ਲਈ ਮਾਰਗਦਰਸ਼ਕ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਅਜਿਹੀਆਂ ਇਤਿਹਾਸਕ ਸ਼ਖ਼ਸੀਅਤਾਂ ਤੋਂ ਜਾਣੂ ਕਰਵਾਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸੰਗਤ ਅਤੇ ਪੰਗਤ ਵਰਗੀਆਂ ਪਰੰਪਰਾਵਾਂ ਵਿੱਚ ਸਮਾਨਤਾ ਅਤੇ ਸਾਂਝੀਵਾਲਤਾ ਦੇ ਆਧਾਰ ਪਏ ਹਨ ਜੋ ਕਿ ਮੌਜੂਦਾ ਸਮੇਂ ਅਤੇ ਭਵਿੱਖ ਵਿਚ ਵੀ ਸਾਰਥਕ ਰਹਿਣਗੇ, ਜਿਹੜੇ ਸਮਾਜ ਵਿੱਚ ਉੱਚ-ਨੀਚ ਦੇ ਭੇਦ ਨੂੰ ਖਤਮ ਕਰਦੇ ਹਨ।ਉਨ੍ਹਾਂ ਕਿਹਾ ਕਿ ਇਤਿਹਾਸਕ ਕਥਾਵਾਂ ਅਤੇ ਲਿਖਤਾਂ ਰਾਹੀਂ ਹੀ ਅਸੀਂ ਆਪਣੇ ਮਹਾਨ ਵਿਅਕਤੀਆਂ ਨੂੰ ਯਾਦ ਰੱਖ ਸਕਦੇ ਹਾਂ। ਭਾਰਤ ਦੀ ਤਾਕਤ ਉਸ ਦੀ ਲਿਖਤ ਪਰੰਪਰਾ ਵਿੱਚ ਵੱਸਦੀ ਹੈ, ਜਿਸ ਨੇ ਸਦੀ-ਦਰ-ਸਦੀ ਸਾਡੇ ਰਾਸ਼ਟਰੀ ਚੇਤਨਾ ਨੂੰ ਜਿਉਂਦਾ ਰੱਖਿਆ ਹੈ।ਉਨ੍ਹਾਂ ਨੇ ਇਹ ਵੀ ਕਿਹਾ ਕਿ ਸਾਡੇ ਪੁਰਖਿਆਂ ਦੀਆਂ ਕੁਰਬਾਨੀਆਂ ਸਿਰਫ਼ ਇਤਿਹਾਸਕ ਘਟਨਾਵਾਂ ਨਹੀਂ, ਸਗੋਂ ਉਹ ਅੱਜ ਵੀ ਸਾਨੂੰ ਪ੍ਰੇਰਿਤ ਕਰਦੀਆਂ ਹਨ ਕਿ ਅਸੀਂ ਆਪਣੇ ਸਮਾਜ ਅਤੇ ਦੇਸ਼ ਲਈ ਨਿਸ਼ਕਾਮ ਸੇਵਾ ਕਰੀਏ। ਉਨ੍ਹਾਂ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਮੁੱਲਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ ਅਤੇ ਦੇਸ਼ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣ।ਵਿਸ਼ੇਸ਼ ਮਹਿਮਾਨ ਵਜੋਂ ਸੰਬੋਧਨ ਕਰਦਿਆਂ ਸ. ਤਰਨਜੀਤ ਸਿੰਘ ਸੰਧੂ ਨੇ ਆਪਣੇ ਦਾਦਾ ਸ. ਤੇਜਾ ਸਿੰਘ ਸਮੁੰਦਰੀ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਇਹ ਸਮਾਗਮ ਸਿਰਫ਼ ਇਤਿਹਾਸਕ ਯਾਦਗਾਰ ਨਹੀਂ, ਸਗੋਂ ਵਿਰਾਸਤ 'ਤੇ ਵਿਚਾਰ ਕਰਨ ਦਾ ਮੌਕਾ ਹੈ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੇ ਦਾਦਾ ਨੇ ਬ੍ਰਿਟਿਸ਼ ਹਕੂਮਤ ਦੇ ਦਬਾਅ ਅੱਗੇ ਝੁਕਣ ਦੀ ਬਜਾਏ ਲਾਹੌਰ ਜੇਲ੍ਹ ਵਿੱਚ ਸ਼ਹਾਦਤ ਸਵੀਕਾਰ ਕੀਤੀ।ਉਨ੍ਹਾਂ ਨੇ ਕਿਹਾ ਕਿ ਗੁਰਦੁਆਰਾ ਸੁਧਾਰ ਲਹਿਰ ਵਿੱਚ ਉਨ੍ਹਾਂ ਦੀ ਭੂਮਿਕਾ ਸੰਸਥਾਵਾਂ ਨੂੰ ਮਜ਼ਬੂਤ ਕਰਨ ਨਾਲ ਜੁੜੀ ਹੋਈ ਸੀ। ਗੁਰੂ ਕਾ ਬਾਗ ਅਤੇ ਚਾਬੀਆਂ ਵਾਲੇ ਮੋਰਚਿਆਂ ਦੌਰਾਨ ਅਪਣਾਈ ਗਈ ਅਹਿੰਸਾ ਅਤੇ ਅਨੁਸ਼ਾਸਨ ਦੀ ਪ੍ਰਸ਼ੰਸਾ ਮਹਾਤਮਾ ਗਾਂਧੀ ਵੱਲੋਂ ਵੀ ਕੀਤੀ ਗਈ ਸੀ। ਉਨ੍ਹਾਂ ਨੇ ਨੌਜਵਾਨਾਂ ਨੂੰ ਇਮਾਨਦਾਰੀ, ਜ਼ਿੰਮੇਵਾਰੀ ਅਤੇ ਨਿਸ਼ਕਾਮ ਸੇਵਾ ਦੇ ਨੁਕਤੇ ਨੂੰ ਅਪਣਾਉਣ ਦੀ ਅਪੀਲ ਕੀਤੀ।ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਇਹ ਪੁਸਤਕ ਪ੍ਰਸਿੱਧ ਇਤਿਹਾਸਕਾਰ ਡਾ. ਪਿਆਰ ਸਿੰਘ ਦੀ ਰਚਨਾ 'ਤੇ ਆਧਾਰਿਤ ਇੱਕ ਮਹੱਤਵਪੂਰਨ ਰਚਨਾ ਹੈ ਅਤੇ ਇਸ ਦਾ ਅੰਗਰੇਜ਼ੀ ਅਨੁਵਾਦ ਇਸ ਵਿਰਾਸਤ ਨੂੰ ਵਿਸ਼ਵ ਪੱਧਰ 'ਤੇ ਪਹੁੰਚਾਉਣ ਦੀ ਕੋਸ਼ਿਸ਼ ਹੈ। ਉਨ੍ਹਾਂ ਕਿਹਾ ਕਿ ਅਨੁਵਾਦ ਦੀ ਪ੍ਰਕਿਰਿਆ ਸਿਰਫ਼ ਅਕਾਦਮਿਕ ਨਹੀਂ, ਸਗੋਂ ਇੱਕ ਅੰਦਰੂਨੀ ਅਨੁਭਵ ਸੀ। ਉਨ੍ਹਾਂ ਕਿਹਾ ਕਿ ਸ. ਸਮੁੰਦਰੀ ਦੀ ਜ਼ਿੰਦਗੀ ਸੇਵਾ, ਹਿੰਮਤ ਅਤੇ ਨਿਸ਼ਠਾ ਦੀ ਮਿਸਾਲ ਹੈ।ਉਨ੍ਹਾਂ ਕਿਹਾ ਕਿ ਇਹ ਕਿਤਾਬ ਗੁਰਦੁਆਰਾ ਸੁਧਾਰ ਲਹਿਰ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਨੂੰ ਵਿਸਤਾਰ ਨਾਲ ਉਜਾਗਰ ਕਰਦੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਜਦੋਂ ਸਮਾਜ ਵਿੱਚ ਨੈਤਿਕ ਮੁੱਲਾਂ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ, ਇਸ ਤਰ੍ਹਾਂ ਦੀਆਂ ਕਿਤਾਬਾਂ ਸਾਨੂੰ ਸਹੀ ਰਾਹ ਦਿਖਾਉਂਦੀਆਂ ਹਨ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਸਾਡੇ ਲਈ ਮਾਣ ਦੀ ਗੱਲ ਹੈ ਕਿ ਸ. ਤਰਨਜੀਤ ਸਿੰਘ ਸੰਧੂ, ਜੋ ਕਿ ਸ. ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਹਨ, ਅੱਜ ਦੇਸ਼ ਦੇ ਉੱਚ ਅਹੁਦੇ 'ਤੇ ਰਹਿ ਕੇ ਇਸ ਮਹਾਨ ਵਿਰਾਸਤ ਨੂੰ ਅੱਗੇ ਵਧਾ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਹਾਜ਼ਰੀ ਇਸ ਸਮਾਗਮ ਨੂੰ ਇੱਕ ਇਤਿਹਾਸਕ ਮੋੜ ਪ੍ਰਦਾਨ ਕਰਦੀ ਹੈ।ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਇਹ ਕਿਤਾਬ ਸਾਨੂੰ ਆਪਣੇ ਪੁਰਖਿਆ ਦੀਆਂ ਕੁਰਬਾਨੀਆਂ ਨੂੰ ਯਾਦ ਦਿਵਾਉਂਦੀ ਹੈ

ਸ਼ੇਰੇ ਪੰਜਾਬ ਪ੍ਰੈੱਸ ਕਲੱਬ ਦੇ ਸਰਬ ਸੰਮਤੀ ਨਾਲ ਬਲਜੀਤ ਸਿੰਘ ਬਿੱਟੂ ਪ੍ਰਧਾਨ ਅਤੇ ਰਾਮ ਸ਼ਰਨਜੀਤ ਸਿੰਘ ਚੇਅਰਮੈਨ ਬਣੇ



ਜੰਡਿਆਲਾ ਗੁਰੂ 4 ਮਈ (ਚ.ਨ.ਸ.) ਸ਼ੇਰੇ ਪੰਜਾਬ ਪ੍ਰੈੱਸ ਕਲੱਬ ਜੰਡਿਆਲਾ ਗੁਰੂ ਦੀ ਅਹਿਮ ਮੀਟਿੰਗ ਜੰਡਿਆਲਾ ਗੁਰੂ ਵਿਖੇ ਜੀ ਟੀ ਰੋਡ ਤੇ ਸਥਿਤ ਰੈਸਟੋਰੈਂਟ ਵਿਖੇ ਕੀਤੀ ਗਈ ਇਸ ਮੀਟਿੰਗ ਵਿੱਚ ਪੱਤਰਕਾਰਾਂ ਨੂੰ ਮੁਹਕਿਲਾਂ ਅਤੇ ਅਹਿਮ ਮੁਦਿਆਂ ਤੇ ਵਿਚਾਰ ਵਿਟਾਂਦਰਾ ਕਰਨ ਤੋਂ ਬਾਅਦ ਸ਼ੇਰੇ ਪੰਜਾਬ ਪ੍ਰੈਸ ਕਲੱਬ ਨੂੰ ਬੁਲੰਦੀਆ ਤੇ ਲੈ ਜਾਣ ਲਈ ਸਮੂਹ ਕਲੱਬ ਮੈਂਬਰਾਂ ਦੀ ਸਹਿਮਤੀ ਨਾਲ ਪੁਰਾਣੀ ਬਾਡੀ ਨੂੰ ਤਬਦੀਲ ਕਰਕੇ ਨਵੀਂ ਬਾਡੀ ਤਿਆਰ ਕੀਤੀ ਗਈ ਜਿਸ ਵਿੱਚ ਕਲੱਬ ਦੇ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਸ਼ੇਰੇ ਪੰਜਾਬ ਪ੍ਰੈੱਸ ਕਲੱਬ ਦੇ ਨਵੇਂ ਪ੍ਰਧਾਨ ਦਾ ਨਾ ਐਲਾਨਣ ਤੋਂ ਬਾਅਦ ਸਮੂਹ ਮੈਂਬਰਾਂ ਵੱਲੋਂ ਪ੍ਰਧਾਨ ਬਲਜੀਤ ਸਿੰਘ ਬਿੱਟੂ ਨੂੰ ਪ੍ਰਧਾਨ ਦਾ ਅਹੁਦਾ ਦੇ ਕੇ ਨਿਵਾਜਿਆ ਗਿਆ ਅਤੇ ਉਸ ਤੋਂ ਬਾਅਦ ਰਾਮ ਸ਼ਰਨਜੀਤ ਸਿੰਘ ਨੂੰ ਸਰਬ ਸੰਮਤੀ ਨਾਲ ਚੇਅਰਮੈਨ ਐਲਾਨਿਆ ਗਿਆ।ਇਸ ਮੌਕੇ ਬਲਜੀਤ ਸਿੰਘ ਬਿੱਟੂ ਅਤੇ ਰਾਮ ਸ਼ਰਨਜੀਤ ਸਿੰਘ ਨੇ ਸਮੂਹ ਮੈਂਬਰਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਜੋ ਤੁਸੀਂ ਸਾਨੂੰ ਜਿੰਮੇਵਾਰਿਆ ਦਿੱਤੀਆਂ ਹਨ ਇਹਨਾਂ ਨੂੰ ਤਨਦੇਹੀ ਨਾਲ ਨਿਭਾਓਣ ਦੀ ਪੂਰੀ ਤਰ੍ਹਾ ਕੋਸ਼ਿਸ਼ ਕਰਾਂਗੇ ਇਸ ਮੌਕੇ ਸੀਨੀਅਰ ਮੀਤ ਪ੍ਰਧਾਨ ਕੁਲਵੰਤ ਸਿੰਘ ਵਿਰਦੀ,ਮੀਤ ਪ੍ਰਧਾਨ ਕੰਵਲਜੀਤ ਸਿੰਘ ਲਾਡੀ,ਜਨਰਲ ਸਕੱਤਰ ਮਲਕੀਤ ਸਿੰਘ ਸੱਗੂ, ਕੈਸ਼ੀਆਰ ਹਰਿੰਦਰ ਸਿੰਘ ਡੱਡਵਾਲ, ਸਕੱਤਰ ਗੁਰਦੇਵ ਸਿੰਘ ਮੱਲ੍ਹੀ , ਮੁੱਖ ਸਲਾਹਕਾਰ ਸੁਖਜਿੰਦਰ ਸਿੰਘ ਸੋਨੂੰ, ਸਲਾਹਕਾਰ ਮਨਦੀਪ ਸਿੰਘ ਜੰਮੂ ਤੇ ਸਰਦੂਲ ਸਿੰਘ ਡੱਡਵਾਲ ਕੈਸੀਅਰ , ਪ੍ਰੈਸ ਸਕੱਤਰ ਕਰਮਜੀਤ ਸਿੰਘ ਮੁੱਛਲ, ਵਰਕਿੰਗ ਕਮੇਟੀ ਮੈਂਬਰ ਸਾਹਿਬ ਦਿਆਲ ਸਿੰਘ, ਮੈਂਬਰ ਹਰੀਸ ਸਿੰਘ, ਮੈਂਬਰ ਗੁਰਦੇਵ ਸਿੰਘ ਮਨਜੋਤਰਾਂ, ਇੰਚਾਰਜ ਮਾਨਾਵਾਲਾ ਜਸਬੀਰ ਸਿੰਘ ਭੋਲਾ, ਰਤਿੰਦਰ ਸਿੰਘ ਇੰਦੌਰ ,ਦਵਿੰਦਰ ਸਿੰਘ ਸਹੋਤਾ , ਰਾਜੇਸ਼ ਪਾਠਕ ਆਦਿ ਹਾਜ਼ਰ ਸਨ ਅਤੇ ਮੰਗਲਦੀਪ ਸਿੰਘ ਅਤੇ ਹਰਜਿੰਦਰ ਸਿੰਘ ਕਲੇਰ ਨੇ ਸਹਿਮਤੀ ਪ੍ਰਗਟਾਈ ਗਈ! ਇਸ ਮੌਕੇ ਪ੍ਰੈੱਸ ਫ਼ਰੀਡਮ ਡੇ ਵੀ ਬੜੀ ਧੂਮ ਧਾਮ ਨਾਲ ਵੀ ਮਨਾਇਆ ਗਿਆ !

ਪਰਜਾਪਤ ਵੈਲਫ਼ੇਅਰ ਐਸੋਸੀਏਸ਼ਨ ਦੀ ਵੱਲਾ ਵਿਖੇ ਮੀਟਿੰਗ 'ਚ ਹੀਰਾ ਸਿੰਘ ਨੂੰ ਸੌਂਪੀ ਗਈ ਅਹਿਮ ਜ਼ਿੰਮੇਵਾਰੀ



ਅੰਮ੍ਰਿਤਸਰ,4 ਮਈ (ਬਬਲੂ ਮਹਾਜਨ) : ਪਰਜਾਪਤ ਵੈਲਫੇਅਰ ਐਸੋਸੀਏਸ਼ਨ ਵੱਲੋਂ ਅੰਮ੍ਰਿਤਸਰ ਦੇ ਪਿੰਡ ਵੱਲਾ ਵਿਖੇ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜੋ ਬਹੁਤ ਹੀ ਉਤਸ਼ਾਹਜਨਕ ਮਾਹੌਲ ਵਿੱਚ ਸਫਲਤਾਪੂਰਵਕ ਸੰਪੰਨ ਹੋਈ। ਇਹ ਮੀਟਿੰਗ ਐਸੋਸੀਏਸ਼ਨ ਦੇ ਕਨਵੀਨਰ ਅਤੇ ਚੇਅਰਮੈਨ ਅਮਰਜੀਤ ਸਿੰਘ ਨਿੱਝਰ ਅਤੇ ਪ੍ਰਧਾਨ ਅਸ਼ੋਕ ਮਨੀਲਾ ਦੇ ਦਿਸ਼ਾ-ਨਿਰਦੇਸ਼ਾਂ ਹੇਠ ਉਲੀਕੀ ਗਈ। ਮੀਟਿੰਗ ਦੀ ਕਾਰਵਾਈ ਜ਼ਿਲ੍ਹਾ ਪ੍ਰਧਾਨ ਸੁਖਪਾਲ ਸਿੰਘ ਦੀ ਅਗਵਾਈ ਹੇਠ ਚਲਾਈ ਗਈ, ਜਿਸ ਵਿੱਚ ਸਮਾਜ ਦੀ ਮੌਜੂਦਾ ਸਥਿਤੀ ਅਤੇ ਆਉਣ ਵਾਲੇ ਸਮੇਂ ਦੀ ਰਣਨੀਤੀ 'ਤੇ ਡੂੰਘਾਈ ਨਾਲ ਵਿਚਾਰਾਂ ਹੋਈਆਂ।ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਸੁਖਵਿੰਦਰ ਸਿੰਘ ਜੇਠੂਵਾਲ ਨੇ ਸਮਾਜ ਨੂੰ ਸੰਬੋਧਨ ਕਰਦਿਆਂ ਬਹੁਤ ਹੀ ਪ੍ਰਭਾਵਸ਼ਾਲੀ ਨੁਕਤੇ ਸਾਂਝੇ ਕੀਤੇ। ਉਨ੍ਹਾਂ ਨੇ ਵਿਸਥਾਰ ਵਿੱਚ ਦੱਸਿਆ ਕਿ ਸਮਾਜ ਦੀ ਭਲਾਈ ਲਈ ਚੰਗੇ ਕਾਰਜ ਕਿਵੇਂ ਕੀਤੇ ਜਾ ਸਕਦੇ ਹਨ ਅਤੇ ਇੱਕਜੁੱਟ ਹੋ ਕੇ ਕਿਵੇਂ ਤਰੱਕੀ ਦੀ ਰਾਹ 'ਤੇ ਚੱਲਿਆ ਜਾ ਸਕਦਾ ਹੈ। ਉਨ੍ਹਾਂ ਦੇ ਵਿਚਾਰਾਂ ਨੂੰ ਇਕੱਠੇ ਹੋਏ ਲੋਕਾਂ ਨੇ ਬਹੁਤ ਹੀ ਧਿਆਨ ਨਾਲ ਸੁਣਿਆ ਅਤੇ ਮੌਕੇ 'ਤੇ ਹੀ ਸਮਾਜਿਕ ਇਕਜੁੱਟਤਾ ਦਾ ਅਹਿਦ ਲੈਂਦਿਆਂ ਭਵਿੱਖ ਵਿੱਚ ਮਿਲ ਕੇ ਚੱਲਣ ਦਾ ਪ੍ਰਣ ਕੀਤਾ।ਸਮਾਜਿਕ ਗਤੀਵਿਧੀਆਂ ਨੂੰ ਤੇਜ਼ ਕਰਨ ਲਈ ਇਸ ਮੌਕੇ ਹੀਰਾ ਸਿੰਘ ਨੂੰ ਪਿੰਡ ਵੱਲਾ ਦੀ ਅਹਿਮ ਜ਼ਿੰਮੇਵਾਰੀ ਸੌਂਪੀ ਗਈ। ਆਗੂਆਂ ਨੇ ਐਲਾਨ ਕੀਤਾ ਕਿ ਆਉਣ ਵਾਲੇ ਸਮੇਂ ਵਿੱਚ ਪਿੰਡ ਵੱਲਾ ਦੇ ਹੋਰ ਨੁਮਾਇੰਦਿਆਂ ਨੂੰ ਵੀ ਵੱਡੀਆਂ ਜ਼ਿੰਮੇਵਾਰੀਆਂ ਦਿੱਤੀਆਂ ਜਾਣਗੀਆਂ ਤਾਂ ਜੋ ਨੌਜਵਾਨ ਸ਼ਕਤੀ ਨੂੰ ਸਮਾਜ ਸੇਵਾ ਲਈ ਪ੍ਰੇਰਿਤ ਕੀਤਾ ਜਾ ਸਕੇ। ਇਸ ਦੌਰਾਨ ਵੱਡੀ ਗਿਣਤੀ ਵਿੱਚ ਸਮਾਜ ਦੇ ਲੋਕਾਂ ਨੇ ਐਸੋਸੀਏਸ਼ਨ ਦੀ ਮੈਂਬਰਸ਼ਿਪ ਹਾਸਲ ਕਰਕੇ ਭਾਈਚਾਰਕ ਸਾਂਝ ਦਾ ਸਬੂਤ ਦਿੱਤਾ।ਬੁਲਾਰਿਆਂ ਨੇ ਕਿਹਾ ਕਿ ਸਮਾਜ ਦੇ ਹਰ ਮੈਂਬਰ

ਸ਼ਰਾਬ ਲਈ ਪਾਣੀ ਲਿਆਉਣ ਤੋਂ ਮਨਾ ਕਰਨ 'ਤੇ 9 ਸਾਲਾ ਮਾਸੂਮ ਦਾ ਗੋਲੀ ਮਾਰ ਕੇ ਕਤਲ

ਕਾਸਗੰਜ/ਆਗਰਾ, 4 ਮਈ (ਚ.ਨ.ਸ): ਉਤਰ ਪ੍ਰਦੇਸ਼ ਦੇ ਕਾਸਗੰਜ ਜ਼ਿਲ੍ਹੇ ਦੇ ਪਿੰਡ ਯਾਕੂਤਗੰਜ ਵਿੱਚ ਇੱਕ ਦਿਲ ਕੰਬਾਊ ਘਟਨਾ ਸਾਹਮਣੇ ਆਈ ਹੈ, ਜਿੱਥੇ ਇੱਕ 45 ਸਾਲਾ ਵਿਅਕਤੀ ਨੇ ਮਹਿਜ਼ ਇਸ ਗੱਲੋਂ ਇੱਕ 9 ਸਾਲਾ ਬੱਚੇ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਕਿਉਂਕਿ ਉਸ ਨੇ ਸ਼ਰਾਬ ਪੀਣ ਲਈ ਪਾਣੀ ਲਿਆਉਣ ਤੋਂ ਇਨਕਾਰ ਕਰ ਦਿੱਤਾ ਸੀ। ਇਹ ਖ਼ੂਨੀ ਵਾਕਿਆ ਪਿਛਲੀ ਦੇਰ ਰਾਤ ਇੱਕ ਬੱਚੇ ਦੇ 'ਨਾਮਕਰਨ' ਸਮਾਗਮ ਦੌਰਾਨ ਵਾਪਰਿਆ, ਜਿਸ ਨੇ ਪੂਰੇ ਇਲਾਕੇ ਵਿੱਚ ਸੋਗ ਤੇ ਦਹਿਸ਼ਤ ਦੀ ਲਹਿਰ ਪੈਦਾ ਕਰ ਦਿੱਤੀ ਹੈ। ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਕੇ ਵਾਰਦਾਤ ਵਿੱਚ ਵਰਤਿਆ ਗਿਆ ਹਥਿਆਰ ਵੀ ਬ੍ਰਾਮਦ ਕਰ ਲਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਯਾਕੂਤਗੰਜ ਦੇ ਵਸਨੀਕ ਜਸਵੀਰ ਗੋਲਾ ਦੇ ਪੁੱਤਰ ਦਾ ਨਾਮਕਰਨ ਸੰਸਕਾਰ ਚੱਲ ਰਿਹਾ ਸੀ, ਜਿਸ ਵਿੱਚ ਵੱਡੀ ਗਿਣਤੀ ਵਿੱਚ ਰਿਸ਼ਤੇਦਾਰ ਤੇ ਪਿੰਡ ਵਾਸੀ ਇਕੱਠੇ ਹੋਏ ਸਨ।ਇਸੇ ਸਮਾਗਮ ਵਿੱਚ ਪਿੰਡ ਸੋਰੋ ਦਾ ਰਹਿਣ ਵਾਲਾ ਧਨੇਸ਼ ਯਾਦਵ (45) ਵੀ ਸ਼ਾਮਲ ਸੀ। ਰਾਤ ਕਰੀਬ 11 ਵਜੇ ਦੇ ਆਸ-ਪਾਸ ਜਦੋਂ ਸਮਾਗਮ ਆਪਣੀ ਚਰਮ ਸੀਮਾ 'ਤੇ ਸੀ ਤਾਂ ਚੌਥੀ ਜਮਾਤ ਦਾ ਵਿਦਿਆਰਥੀ ਯਸ਼ ਸਿੰਘ ਪੁੱਤਰ ਸੁਖਵੀਰ ਸਿੰਘ ਉਥੇ ਮੌਜੂਦ ਸੀ। ਦੱਸਿਆ ਜਾ ਰਿਹਾ ਹੈ ਕਿ ਮੁਲਜ਼ਮ ਧਨੇਸ਼ ਯਾਦਵ ਸ਼ਰਾਬ ਪੀਣ ਦੀ ਤਿਆਰੀ ਕਰ ਰਿਹਾ ਸੀ ਤੇ ਉਸ ਨੇ ਮਾਸੂਮ ਯਸ਼ ਨੂੰ ਆਪਣੇ ਲਈ ਪਾਣੀ ਲਿਆਉਣ ਵਾਸਤੇ ਕਿਹਾ। ਜਦੋਂ ਯਸ਼ ਨੇ ਪਾਣੀ ਲਿਆਉਣ ਤੋਂ ਮਨਾ ਕਰ ਦਿੱਤਾ ਤਾਂ ਨਸ਼ੇ ਤੇ ਗੁੱਸੇ ਵਿੱਚ ਅੰਨ੍ਹੇ ਹੋਏ ਧਨੇਸ਼ ਨੇ ਬਿਨਾਂ ਕੁਝ ਸੋਚੇ-ਸਮਝੇ ਆਪਣਾ ਰੀਵਾਲਵਰ ਕੱਢਿਆ ਤੇ ਬੱਚੇ ਦੇ ਪੇਟ ਵਿੱਚ ਬਿਲਕੁਲ ਨਜ਼ਦੀਕ ਤੋਂ ਗੋਲੀ ਮਾਰ ਦਿੱਤੀ। ਸਹਾਵਰ ਦੇ ਐਸ.ਐਚ.ਓ. ਗੋਵਿੰਦ ਵੱਲਭ ਸ਼ਰਮਾ ਨੇ ਮੀਡੀਆ ਨੂੰ ਦੱਸਿਆ ਕਿ ਪੁਲਿਸ ਨੇ ਯਸ਼ ਦੇ ਪਿਤਾ ਸੁਖਵੀਰ ਸਿੰਘ ਦੀ ਸ਼ਿਕਾਇਤ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਮਾਮਲਾ ਦਰਜ ਕਰ ਲਿਆ ਹੈ।

ਭਾਰਤ-ਨੇਪਾਲ ਸਰਹੱਦੀ ਵਿਵਾਦ...
ਲਿਪੁਲੇਖ ਰਾਹੀਂ ਕੈਲਾਸ਼ ਮਾਨਸਰੋਵਰ ਯਾਤਰਾ 'ਤੇ ਨੇਪਾਲ ਦਾ ਇਤਰਾਜ਼ ਭਾਰਤ ਵੱਲੋਂ ਖਾਰਜ

ਨਵੀਂ ਦਿੱਲੀ, 4 ਮਈ (ਚ.ਨ.ਸ): ਭਾਰਤ ਤੇ ਨੇਪਾਲ ਦਰਮਿਆਨ ਸਰਹੱਦੀ ਵਿਵਾਦ ਇੱਕ ਵਾਰ ਫਿਰ ਗਰਮਾ ਗਿਆ ਹੈ। ਕਾਠਮੰਡੂ ਦੀ ਨਵੀਂ ਸਰਕਾਰ ਨੇ ਉਤਰਾਖੰਡ ਰਾਜ ਵਿੱਚ ਲਿਪੁਲੇਖ ਦਰੇ ਰਾਹੀਂ ਕੈਲਾਸ਼ ਮਾਨਸਰੋਵਰ ਯਾਤਰਾ ਮੁੜ ਸ਼ੁਰੂ ਕਰਨ ਦੇ ਭਾਰਤ ਦੇ ਫੈਸਲੇ 'ਤੇ ਅਧਿਕਾਰਤ ਤੌਰ 'ਤੇ ਇਤਰਾਜ਼ ਜਤਾਇਆ ਹੈ। ਨੇਪਾਲ ਦਾ ਦਾਅਵਾ ਹੈ ਕਿ ਇਹ ਖੇਤਰ ਉਸ ਦੀ ਖੇਤਰੀ ਅਖੰਡਤਾ ਦਾ ਹਿੱਸਾ ਹੈ। ਹਾਲਾਂਕਿ, ਭਾਰਤ ਸਰਕਾਰ ਨੇ ਨੇਪਾਲ ਦੇ ਇਨ੍ਹਾਂ ਦਾਅਵਿਆਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਭਾਰਤ ਦਾ ਰੁਖ ਇਸ ਮਾਮਲੇ ਵਿੱਚ ਪਹਿਲਾਂ ਵਾਂਗ ਹੀ ਸਥਿਰ ਤੇ ਸਪੱਸ਼ਟ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਨੇਪਾਲ ਦੇ ਖੇਤਰੀ ਦਾਅਵੇ ਨਾ ਤਾਂ ਜਾਇਜ਼ ਹਨ ਤੇ ਨਾ ਹੀ ਇਤਿਹਾਸਕ ਤੱਥਾਂ ਜਾਂ ਸਬੂਤਾਂ 'ਤੇ ਆਧਾਰਿਤ ਹਨ। ਭਾਰਤ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਲਿਪੁਲੇਖ ਦਰਰਾ 1954 ਤੋਂ ਕੈਲਾਸ਼ ਮਾਨਸਰੋਵਰ ਯਾਤਰਾ ਲਈ ਇੱਕ ਰਵਾਇਤੀ ਰਸਤਾ ਰਿਹਾ ਹੈ ਤੇ ਦਹਾਕਿਆਂ ਤੋਂ ਇਸ ਰਸਤੇ ਰਾਹੀਂ ਯਾਤਰਾ ਚੱਲ ਰਹੀ ਹੈ। ਭਾਰਤ ਅਨੁਸਾਰ, ਇਸ ਰਸਤੇ ਦੀ ਵਰਤੋਂ ਵਿੱਚ ਕੋਈ ਨਵਾਂ ਬਦਲਾਅ ਨਹੀਂ ਕੀਤਾ ਗਿਆ ਹੈ। ਵਿਦੇਸ਼ ਮੰਤਰਾਲੇ ਨੇ ਨੇਪਾਲ ਨੂੰ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਖੇਤਰੀ ਦਾਅਵਿਆਂ ਦਾ ਅਜਿਹਾ ਇਕਪਾਸੜ ਵਾਧਾ ਅਸਵੀਕਾਰਨਯੋਗ ਹੈ। ਭਾਰਤ ਨੇ ਪਹਿਲਾਂ ਵੀ ਨੇਪਾਲ ਨੂੰ ਅਜਿਹੇ ਗੈਰ-ਵਾਜਬ ਨਕਸ਼ੇ ਬਣਾਉਣ ਜਾਂ ਦਾਅਵੇ ਕਰਨ ਤੋਂ ਬਚਣ ਤੇ ਭਾਰਤ ਦੀ ਪ੍ਰਭੂਸੱਤਾ ਤੇ ਖੇਤਰੀ ਅਖੰਡਤਾ ਦਾ ਸਨਮਾਨ ਕਰਨ ਲਈ ਕਿਹਾ ਸੀ।ਦੂਜੇ ਪਾਸੇ, ਨੇਪਾਲ ਦੇ ਵਿਦੇਸ਼ ਮੰਤਰਾਲੇ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ 1816 ਦੀ ਸੁਗੌਲੀ ਸੰਧੀ ਅਨੁਸਾਰ ਮਹਾਕਾਲੀ ਨਦੀ ਦੇ ਪੂਰਬ ਵਿੱਚ ਸਥਿਤ ਲਿੰਪੀਆਧੁਰਾ, ਲਿਪੁਲੇਖ ਤੇ ਕਾਲਾਪਾਨੀ ਨੇਪਾਲ ਦੇ ਅਨਿੱਖੜਵੇਂ ਅੰਗ ਹਨ। ਨੇਪਾਲ ਨੇ ਕਿਹਾ ਕਿ ਉਸ ਨੇ ਇਸ ਸਬੰਧੀ ਭਾਰਤ ਤੇ ਚੀਨ ਦੋਵਾਂ ਨੂੰ ਆਪਣੀ ਚਿੰਤਾ ਤੋਂ ਜਾਣੂੰ ਕਰਵਾ ਦਿੱਤਾ ਹੈ। ਨੇਪਾਲੀ ਸਰਕਾਰ ਅਨੁਸਾਰ, ਉਨ੍ਹਾਂ ਨੇ ਪਹਿਲਾਂ ਵੀ ਭਾਰਤ ਨੂੰ ਇਸ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੀਆਂ ਗਤੀਵਿਧੀਆਂ, ਜਿਵੇਂ ਕਿ ਸੜਕ ਨਿਰਮਾਣ, ਸਰਹੱਦੀ ਵਪਾਰ ਜਾਂ ਤੀਰਥ ਯਾਤਰਾ ਟੂਰਿਜ਼ਮ ਨੂੰ ਨਾ ਵਧਾਉਣ ਦੀ ਅਪੀਲ ਕੀਤੀ ਸੀ। ਨੇਪਾਲ ਨੇ ਚੀਨ ਨੂੰ ਵੀ ਅਧਿਕਾਰਤ ਤੌਰ 'ਤੇ ਸੂਚਿਤ ਕੀਤਾ ਹੈ ਕਿ ਲਿਪੁਲੇਖ ਖੇਤਰ ਨੇਪਾਲੀ ਇਲਾਕਾ ਹੈ।



ਰਮਨ ਬਹਿਲ ਵੱਲੋਂ ਹਯਾਤ ਨਗਰ 'ਚ ਅਧੁਨਿਕ ਖੇਡ ਮੈਦਾਨ ਨੌਜਵਾਨਾਂ ਨੂੰ ਸਮਰਪਿਤ

ਗੁਰਦਾਸਪੁਰ, 4 ਮਈ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਤੇ ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਪੰਜਾਬ ਦੇ ਸਾਂਝੇ ਉਪਰਾਲੇ ਹੇਠ ਪੰਜਾਬ ਰਾਜ ਵਿੱਚ ਉਸਾਰੇ ਜਾ ਰਹੇ 3100 ਖੇਡ ਮੈਦਾਨਾਂ ਦੇ ਪਹਿਲੇ ਚਰਨ ਅਧੀਨ ਅੱਜ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਤੇ ਤਰੁਨਪ੍ਰੀਤ ਸਿੰਘ ਸੌਂਦ, ਕੈਬਨਿਟ ਮੰਤਰੀ ਪੇਂਡੂ ਵਿਕਾਸ ਤੇ ਪੰਚਾਇਤਾਂ ਵਿਭਾਗ ਵੱਲੋਂ ਸਮੂਹ ਪੰਜਾਬ ਦੇ ਖੇਡ ਮੈਦਾਨਾਂ ਦਾ ਆਨਲਾਈਨ ਉਦਘਾਟਨ ਕਰਕੇ ਖੇਡ ਮੈਦਾਨ ਪੰਜਾਬ ਦੇ ਨੌਜਵਾਨਾਂ ਨੂੰ ਸਮਰਪਿਤ ਕੀਤੇ ਗਏ।ਇਸ ਤਹਿਤ ਹਲਕਾ ਗੁਰਦਾਸਪੁਰ ਦੇ ਗ੍ਰਾਮ ਪੰਚਾਇਤ ਹਯਾਤ ਨਗਰ ਵਿੱਚ ਤਕਰੀਬਨ 21 ਲੱਖ 53 ਹਜ਼ਾਰ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਅਧੁਨਿਕ ਖੇਡ ਮੈਦਾਨ ਰਮਨ ਬਹਿਲ, ਹਲਕਾ ਇੰਚਾਰਜ ਗੁਰਦਾਸਪੁਰ ਵੱਲੋਂ ਆਪਣੇ ਕਰ ਕਮਲਾਂ ਨਾਲ ਉਦਘਾਟਨ ਕਰਕੇ ਨੌਜਵਾਨਾਂ ਨੂੰ ਸਮਰਪਿਤ ਕੀਤਾ ਗਿਆ। ਇਸ ਖੇਡ



ਮੈਦਾਨ ਵਿੱਚ ਵਾਲੀਬਾਲ ਤੇ ਫੁੱਟਬਾਲ ਖੇਡਾਂ ਲਈ ਵਿਸ਼ੇਸ਼ ਸੁਵਿਧਾਵਾਂ ਉਪਲਬਧ ਹਨ। ਇਸ ਤੋਂ ਇਲਾਵਾ ਛੋਟੇ ਬੱਚਿਆਂ ਲਈ ਵੱਖਰਾ ਪਲੇ ਗਰਾਊਂਡ ਵੀ ਤਿਆਰ ਕੀਤਾ ਗਿਆ ਹੈ। ਮੈਦਾਨ ਵਿੱਚ ਸੈਰ ਕਰਨ ਲਈ ਮਿੱਟੀ ਦਾ ਟਰੈਕ, ਚੇਨ ਲਿੰਕ ਫੈਂਸਿੰਗ, ਸਬਮਰਸੀਬਲ ਪੰਪ, ਪੀਣ ਵਾਲੇ ਪਾਣੀ ਦੀ ਸੁਵਿਧਾ, ਲਾਈਟਾਂ ਤੇ ਬਾਥਰੂਮ ਆਦਿ ਦੀ ਵੀ ਵਿਵਸਥਾ ਕੀਤੀ ਗਈ ਹੈ। ਇਸ ਮੌਕੇ ਰਮਨ ਬਹਿਲ ਵੱਲੋਂ ਬੱਚਿਆਂ ਨੂੰ ਖੇਡ ਕਿੱਟਾਂ ਵੀ ਵੰਡੀਆਂ ਗਈਆਂ। ਉਨ੍ਹਾਂ ਦੱਸਿਆ ਕਿ ਗੁਰਦਾਸਪੁਰ ਵਿਧਾਨ ਸਭਾ ਹਲਕੇ ਵਿੱਚ ਹੋਰ 29 ਖੇਡ ਮੈਦਾਨ ਵੀ ਤਿਆਰ ਕੀਤੇ ਜਾ ਰਹੇ ਹਨ, ਜੋ ਜਲਦ ਹੀ ਲੋਕਾਂ ਨੂੰ ਸਮਰਪਿਤ ਕੀਤੇ ਜਾਣਗੇ। ਇਸ ਮੌਕੇ ਉਨ੍ਹਾਂ ਵੱਲੋਂ ਖਿਡਾਰੀਆਂ ਨੂੰ ਸਪਰੋਟਸ ਕਿੱਟਾਂ ਵੀ ਵੰਡੀਆਂ ਗਈਆਂ।ਇਸ ਮੌਕੇ ਰਣਜੀਤ ਸਿੰਘ ਰਾਣਾ ਚੇਅਰਮੈਨ ਬਲਾਕ ਸ਼ਾਮਤੀ ਪਿੰਡ ਬਾਬਰੀ, ਓਂਕਾਰ ਸਿੰਘ ਨਾਗੀ ਸਰਪੰਚ ਪਿੰਡ ਹਯਾਤ ਨਗਰ, ਸੁੱਖਵਿੰਦਰ ਸਿੰਘ ਕਿਸਾਨ ਵਿੰਗ ਹਲਕਾ ਕੋਆਰਡੀਨੇਟਰ, ਅਜੈ ਬਹਿਲ, ਧਰੁਵ ਬਹਿਲ, ਕਬੀਰ ਬਹਿਲ, ਅਮਨ ਬਹਿਲ, ਹਿਤੇਸ਼ ਮਹਾਜਨ ਟਰੱਸਟੀ ਇੰਪਰੂਵਮੈਂਟ, ਰੂਪੇਸ਼ ਬਿੱਟੂ ਬਲਾਕ ਕੋਆਰਡੀਨੇਟਰ ਹਾਜ਼ਰ ਸਨ।

ਹਰਵਿੰਦਰ ਪਾਲ ਸਿੰਘ ਸ਼ਾਹਬਾਦ ਬਣੇ ਐਸ.ਸੀ. ਡਿਪਾਰਟਮੈਂਟ ਦੇ ਵਾਈਸ ਚੇਅਰਮੈਨ
☛ਕਾਂਗਰਸ ਹਾਈਕਮਾਂਡ ਦਾ ਧੰਨਵਾਦ, ਪਾਰਟੀ ਦੀ ਮਜ਼ਬੂਤੀ ਲਈ ਦਿਨ-ਰਾਤ ਮਿਹਨਤ ਕਰਨ ਦਾ ਭਰੋਸਾ



ਸ੍ਰੀ ਹਰਿਗੋਬਿੰਦਪੁਰ ਸਾਹਿਬ, 4 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਮਹੱਤਵਪੂਰਨ ਨਿਯੁਕਤੀ ਕਰਦੇ ਹੋਏ ਇੰਜ. ਹਰਵਿੰਦਰਪਾਲ ਸਿੰਘ ਸ਼ਾਹਬਾਦ ਨੂੰ ਐਸ.ਸੀ. ਡਿਪਾਰਟਮੈਂਟ ਦਾ ਵਾਈਸ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਸ ਨਿਯੁਕਤੀ ਤੋਂ ਬਾਅਦ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਤੇ ਸਮਰਥਕਾਂ ਵੱਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਇੰਜ. ਹਰਵਿੰਦਰਪਾਲ ਸਿੰਘ ਸ਼ਾਹਬਾਦ ਨੇ ਇੰਡੀਆ ਨੈਸ਼ਨਲ ਕਾਂਗਰਸ ਦੇ ਪ੍ਰਧਾਨ ਮੱਲਿਕਾਰਜੁਨ ਖੜਗੇ, ਰਾਹੁਲ ਗਾਂਧੀ, ਕੇ.ਸੀ. ਵੇਣੂਗੋਪਾਲ, ਚੇਅਰਮੈਨ ਰਾਜੇਂਦਰ ਗੌਤਮ, ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਚੇਅਰਮੈਨ ਲੱਕੀ ਪਾਖੋਕੇ, ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਬਰਿੰਦਰ ਪਾਹੜਾ ਤੇ ਕ੍ਰਿਪਤ ਰਾਜਿੰਦਰ ਸਿੰਘ ਬਾਜਵਾ ਸਮੇਤ ਸਮੂਹ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਉਨ੍ਹਾਂ 'ਤੇ ਕੀਤਾ ਗਿਆ ਭਰੋਸਾ ਉਹ ਪੂਰੀ ਇਮਾਨਦਾਰੀ ਤੇ ਨਿਸ਼ਠਾ ਨਾਲ ਨਿਭਾਉਣਗੇ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਪਾਰਟੀ ਦੇ ਝੰਡੇ ਨੂੰ ਬੁਲੰਦ ਰੱਖਣ ਲਈ ਤੇ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਮਿਹਨਤ ਕਰਨਗੇ।

ਕਿਸਾਨ-ਮਜ਼ਦੂਰ ਯਨੀਅਨ ਦੀ ਅਗਵਾਈ ਹੇਠ 7 ਨੂੰ ਐਸ.ਡੀ.ਐਮ. ਦਫ਼ਤਰ ਸਾਹਮਣੇ ਰੋਸ ਧਰਨਾ ਦਿੱਤਾ ਜਾਵੇਗਾ

ਡੇਰਾ ਬਾਬਾ ਨਾਨਕ, 4 ਮਈ (ਹੈਪੀ ਕੋਟਲੀ): ਬੀਤੇ ਸਾਲ ਰਾਵੀ ਦਰਿਆ ਵਿੱਚ ਆਏ ਹੜ੍ਹ ਨਾਲ ਡੇਰਾ ਬਾਬਾ ਨਾਨਕ ਖੇਤਰ ਵਿੱਚ ਸਰਕਾਰੀ ਜ਼ਮੀਨਾਂ ਉਪਰ ਖੇਤੀ ਕਰਦੇ ਕਿਸਾਨਾਂ ਦੀ ਨਸ਼ਟ ਹੋਈ ਝੋਨੇ ਦੀ ਫਸਲ ਦਾ ਸਰਕਾਰ ਵੱਲੋਂ ਐਲਾਨਿਆ ਮੁਆਵਜ਼ਾ ਤੁਰੰਤ ਅਦਾ ਕੀਤੀ ਜਾਣ ਦੀ ਮੰਗ ਨੂੰ ਲੈ ਕੇ ਪੀੜਤ ਕਿਸਾਨਾਂ ਵੱਲੋਂ ਕਿਸਾਨ-ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਹੇਠ 7 ਮਈ ਨੂੰ ਦਿਨੇ 11 ਤੋਂ ਤਿੰਨ ਵਜੇ ਤੱਕ ਐਸ.ਡੀ.ਐਮ. ਦਫਤਰ ਡੇਰਾ ਬਾਬਾ ਨਾਨਕ ਦੇ ਸਾਹਮਣੇ ਰੋਸ ਧਰਨਾ ਦਿੱਤਾ ਜਾਵੇਗਾ। ਇਹ ਫੈਸਲਾ ਇਨ੍ਹਾਂ ਕਿਸਾਨਾਂ ਦੀ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਦੀ ਅਗਵਾਈ ਵਿੱਚ ਨਰਿੰਦਰ ਸਿੰਘ ਤਲਵੰਡੀ ਹਿੰਦੂਆਂ ਦੀ ਪ੍ਰਧਾਨਗੀ ਹੇਠ ਹਰਪਾਲ ਸਿੰਘ ਰੰਧਾਵਾ ਦੇ ਗ੍ਰਹਿ ਪਿੰਡ ਕੋਟ ਮੋਲਵੀ ਵਿਖੇ ਹੋਈ ਮੀਟਿੰਗ ਵਿੱਚ ਲਿਆ ਗਿਆ। ਇਸ ਮੀਟਿੰਗ ਵਿੱਚ ਉਚੇਚੇ ਤੌਰ ਉਤੇ ਜਥੇਬੰਦੀ ਦੇ ਪ੍ਰਧਾਨਗੀ ਮੰਡਲ ਮੈਂਬਰ ਬਲਬੀਰ ਸਿੰਘ ਰੰਧਾਵਾ ਸ਼ਮਸ਼ੇਰਪੁਰ ਵੀ ਸ਼ਾਮਲ ਹੋਏ। ਮੀਟਿੰਗ ਦੀ ਕਾਰਵਾਈ ਬਾਰੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਪ੍ਰਧਾਨਗੀ ਮੰਡਲ ਮੈਂਬਰ ਜੋਗਿੰਦਰ ਸਿੰਘ ਖੰਨਾ ਚਮਾਰਾ, ਮੀਡੀਆ ਇੰਚਾਰਜ ਸਤਬੀਰ ਸਿੰਘ ਖੋਦੇ ਬੇਟ, ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਰੰਧਾਵਾ ਸਿੰਘਪੁਰਾ ਤੇ ਬਚਿੱਤਰ ਸਿੰਘ ਧਰਮਾਂ ਬਾਦ ਨੇ ਦੱਸਿਆ ਕਿ ਕਿਸਾਨ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਲਗਾਤਾਰ ਪੈਰਵਾਈ ਕਰਨ ਕਰਕੇ ਪੰਜਾਬ ਸਰਕਾਰ ਵੱਲੋਂ ਸਰਕਾਰੀ ਜ਼ਮੀਨਾਂ ਉਪਰ ਕਾਸ਼ਤ ਕਰਨ ਵਾਲੇ ਕਿਸਾਨਾਂ ਦੀਆਂ ਹੜ੍ਹਾਂ ਨਾਲ ਤਬਾਹ ਹੋਈਆਂ ਫਸਲਾਂ ਦਾ ਦੂਜੇ ਹੜ੍ਹ-ਪੀੜਤ ਕਿਸਾਨਾਂ ਵਾਂਗ ਮੁਆਵਜ਼ਾ ਦੇਣ ਦਾ ਫੈਸਲਾ ਕਰਕੇ ਇਸ ਸਬੰਧ ਵਿੱਚ 24 ਫਰਵਰੀ ਨੂੰ ਬਾ-ਕਾਇਦਾ ਨੋਟੀਫਕੇਸ਼ਨ ਵੀ ਜਾਰੀ ਕਰ ਦਿੱਤਾ ਸੀ ਪਰ ਪੰਜਾਬ ਸਰਕਾਰ ਦੇ ਇਸ ਸਾਫ ਸਪੱਸ਼ਟ ਫੈਸਲੇ, ਇਸ ਸਬੰਧੀ ਜਾਰੀ ਨੋਟੀਫਿਕੇਸ਼ਨ ਤੇ ਲੋੜੀਂਦੇ ਫੰਡ ਜਾਰੀ ਕਰ ਦੇਣ ਦੇ ਬਾਵਜੂਦ ਡੇਰਾ ਬਾਬਾ ਨਾਨਕ ਦਾ ਪ੍ਰਸ਼ਾਸਨ ਇਲਾਕੇ ਦੇ ਇਨ੍ਹਾਂ ਹੜ੍ਹ-ਪੀੜਤ ਕਿਸਾਨਾਂ ਨੂੰ ਆਨੇ-ਬਹਾਨੇ ਇਹ ਮੁਆਵਜ਼ਾ ਦੇਣ ਤੋਂ ਇਨਕਾਰੀ ਹੈ, ਜਿਸ ਕਰਕੇ ਜਥੇਬੰਦੀ ਨੂੰ ਇਹ ਰੋਸ ਧਰਨਾ ਦੇਣ ਦਾ ਫੈਸਲਾ ਕਰਨਾ ਪਿਆ ਹੈ। ਮੀਟਿੰਗ ਨੇ ਇੱਕ ਸ਼ੋਕ ਮਤਾ ਪਾਸ ਕਰਕੇ ਸਦੀਵੀਂ ਵਿਛੋੜਾ ਦੇ ਗਏ ਜਥੇਬੰਦੀ ਦੇ ਆਗੂ ਗੁਰਚਰਨ ਸਿੰਘ ਕੋਟ ਮੋਲਵੀ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ।ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਮਾਸਟਰ ਸੁੱਚਾ ਸਿੰਘ ਰਾਮ ਦਿਵਾਲੀ, ਸ਼ਮਸ਼ੇਰ ਸਿੰਘ ਖਾਸਾਵਾਲ, ਗੁਰਮੁਖ ਸਿੰਘ ਸਰਪੰਚ ਗੁਰਚੱਕ ਗੁਰਮੀਤ ਸਿੰਘ ਮੇਘਾ, ਅਮਰੀਕ ਸਿੰਘ ਕੋਟ ਮੋਲਵੀ ਜਰਨੈਲ ਸਿੰਘ ਖੋਦੇ ਬੇਟ, ਸੁਖਦੇਵ ਸਿੰਘ ਨੰਬਰਦਾਰ ਗੁਰਚੱਕ, ਬਲਰਾਜ ਸਿੰਘ ਗੁਰਚਕ, ਰੌਬਨ ਸ਼ਹਿਜ਼ਾਦਾ, ਮਾਸਟਰ ਤਰਸੇਮ ਸਿੰਘ ਧਰਮਕੋਟ ਪੱਤਣ ਸਰਬਜੀਤ ਸਿੰਘ ਤਲਵੰਡੀ ਹਿੰਦੂਆਂ ਸਰਵਣ ਸਿੰਘ ਰੜੇਵਾਲੀ ਸ਼ੇਰ ਅਮਰਜੀਤ ਸਿੰਘ ਮਿਹਰ ਸਿੰਘ ਸਰਪੰਚ ਮਨਸੂਰ, ਮਾਸਟਰ ਬਲਕਾਰ ਸਿੰਘ ਹਰਦੁਰਵਾਲ, ਝਿਰਮਲ ਸਿੰਘ ਝੰਗੀ ਕਿਸ਼ਨ ਸਿੰਘ ਸਾਹਿਜ਼ਾਦਾ, ਸ਼ਮਸ਼ੇਰ ਸਿੰਘ ਡੇਰਾ ਬਾਬਾ ਨਾਨਕ ਆਦਿ ਹਾਜ਼ਰ ਸਨ।



ਮਿਡ-ਟਰਮ ਚੋਣਾਂ ਤੋਂ ਪਹਿਲਾਂ ਰਾਸ਼ਟਰਪਤੀ ਟਰੰਪ ਦੀ ਲੋਕਪ੍ਰਿਅਤਾ ਨੂੰ ਵੱਡਾ ਝਟਕਾ, ਅਮਰੀਕੀਆਂ 'ਚ ਅਸੰਤੋਸ਼ ਵਧਿਆ

ਪੱਛਮੀ ਸੱਭਿਅਤਾ ਅਤੇ ਪਦਾਰਥਵਾਦ ਦਾ ਪ੍ਰਭਾਵ



ਸੰਜੀਵ ਸਿੰਘ ਸੈਣੀ
7888966168

ਅੱਜ ਅਸੀਂ ਡਿਜ਼ੀਟਲ ਯੁੱਗ ਵਿੱਚੋਂ ਗੁਜ਼ਰ ਰਹੇ ਹਾਂ। ਸਮਾਂ ਚੱਲਦਾ ਰਹਿੰਦਾ ਹੈ। ਜਿਸ ਤਰ੍ਹਾਂ ਨਾਲ ਸਮਾਂ ਆ ਰਿਹਾ ਹੈ, ਲੋਕਾਂ ਦੀ ਸੋਚ, ਰਹਿਣੀ ਬਹਿਣੀ ਵਿੱਚ ਫਰਕ ਆ ਗਿਆ ਹੈ। ਪੱਛਮੀ ਪ੍ਰਭਾਵਾਂ ਨੇ ਸਾਨੂੰ ਪਦਾਰਥਵਾਦ ਵੱਲ ਧੱਕ ਦਿੱਤਾ ਹੈ। ਜਿਵੇਂ ਜਿਵੇਂ ਤਰੱਕੀ ਹੋ ਰਹੀ ਹੈ ਨਵੀਂ ਨਵੀਂ ਟੈਕਨੋਲੋਜੀ ਆ ਰਹੀ ਹੈ। ਅਸੀਂ ਆਪਣੇ ਸੱਭਿਆਚਾਰ ਤੋਂ ਦੂਰ ਹੁੰਦੇ ਜਾ ਰਹੇ ਹਾਂ। ਸਾਡੇ ਮਨਾਂ ਅੰਦਰ ਦੂਰੀ ਵੱਧ ਗਈ ਹੈ। ਸੋਸ਼ਲ ਮੀਡੀਆ ਤੇ ਸਾਡੇ ਹਜ਼ਾਰਾਂ ਫਰੈਂਡਸ ਬਣਦੇ ਹਨ, ਪਰ ਅਸਲੀ ਜ਼ਿੰਦਗੀ ਵਿੱਚ ਸਾਡੇ ਕੋਲ ਇੱਕ ਵੀ ਦੋਸਤ ਨਹੀਂ ਹੈ ।ਜਿਸ ਕੋਲ ਅਸੀਂ ਆਪਣਾ ਮਨ ਹੌਲ੍ਹਾ ਕਰ ਸਕੀਏ। ਜੇ ਪੁਰਾਣੇ ਵੇਲਿਆਂ ਦੀ ਗੱਲ ਕਰੀਏ ਤਾਂ ਉਹ ਸਮਾਂ ਬਹੁਤ ਚੰਗਾ ਸੀ, ਕੱਚੇ ਘਰ ਹੁੰਦੇ ਸਨ, ਪਰ ਲੋਕਾਂ ਵਿੱਚ ਆਪਸੀ ਪਿਆਰ ਬਹੁਤ ਸੀ। ਰੂਹਾਂ ਦਾ ਮੇਲ ਸੀ। ਉਹ ਰਿਸ਼ਤੇ ਸਿਰਫ਼ ਖੂਨ ਦੇ ਨਹੀਂ ਸਗੋਂ, ਇੱਕ ਦੂਜੇ ਤੇ ਭਰੋਸਾ ਕੀਤਾ ਜਾਂਦਾ ਸੀ। ਰਿਸ਼ਤੇ ਟੁੱਟਦੇ ਵੀ ਨਹੀਂ ਸਨ ।ਸਾਂਝੇ ਪਰਿਵਾਰਾਂ ਵਿੱਚ ਪਿਆਰ, ਭਾਈਚਾਰਕ ਸਾਂਝ, ਦੁੱਖ ਸੁੱਖ ਸਾਂਝਾ ਹੁੰਦਾ ਸੀ। ਦਾਦਾ ਦਾਦੀ, ਨਾਨਾ ਨਾਨੀ ਵੱਡੇ ਪਰਿਵਾਰ ਇੱਕ ਹੀ ਛੱਤ ਹੇਠ ਬੜੇ ਪਿਆਰ ਨਾਲ ਰਹਿੰਦੇ ਸਨ। ਆਂਢ ਗੁਆਂਢ ਵੀ ਬਹੁਤ ਵਧੀਆ ਹੁੰਦਾ ਸੀ। ਜੇ ਕੋਈ ਘਰ ਵਿੱਚ ਅਣਸੁਖਾਵੀਂ ਵਾਪਰ ਵੀ ਜਾਂਦੀ ਸੀ ਤਾਂ ਰਿਸ਼ਤੇਦਾਰਾਂ ਤੋਂ ਪਹਿਲਾਂ ਗੁਆਂਢੀ ਪਹੁੰਚ ਜਾਂਦੇ ਸਨ। ਇਹ ਸਾਡਾ ਸੱਭਿਆਚਾਰ ਸੀ। ਅਕਸਰ ਪਿੰਡਾਂ ਵਿੱਚ ਲੋਕ ਘੱਟ ਪੜੇ ਲਿਖੇ ਹੁੰਦੇ ਸਨ, ਪਰ ਉਹਨਾਂ ਕੋਲ ਜ਼ਿੰਦਗੀ ਦਾ ਨਿਚੋੜ ਹੁੰਦਾ ਸੀ। ਅੱਜ ਕੱਲ ਦੇ ਨੌਜਵਾਨਾਂ ਨੂੰ ਡਿਗਰੀਆਂ ਹੱਥਾਂ ਵਿੱਚ ਚੁੱਕ ਕੇ ਗੱਲ ਕਰਨ ਦੀ ਤਮੀਜ਼ ਤੱਕ ਨਹੀਂ ਹੈ। ਪੁਰਾਣੇ ਵੇਲਿਆਂ ਵਿੱਚ ਲੋਕਾਂ ਅੰਦਰ ਸਬਰ ,ਸੰਤੋਖ ਸਹਿਣਸ਼ੀਲਤਾ, ਨਿਮਰਤਾ ਸੀ, ਜੇ ਬੱਚਾ ਗਲਤ ਹੁੰਦਾ ਸੀ ਤਾਂ ਉਸਨੂੰ ਝਿੜਕ ਵੀ ਦਿੰਦੇ ਸਨ ।ਅੱਗੋਂ ਬੱਚਾ ਆਰਗੂਮੈਂਟ (ਜਵਾਬ) ਵੀ ਨਹੀਂ ਦਿੰਦਾ ਸੀ।

ਸੋਸ਼ਲ ਮੀਡੀਆ ਦਾ ਜ਼ਮਾਨਾ ਹੈ। ਹਰ ਇਨਸਾਨ ਮੋਬਾਇਲ ਦੀ ਜਕੜ ਵਿੱਚ ਹੈ। ਚਾਹੇ ਕਿਸੇ ਵੀ ਉਮਰ ਦਾ ਵਿਅਕਤੀ ਹੋਵੇ, ਮੋਬਾਇਲ ਉਸ ਦੇ ਹੱਥ ਵਿਚ ਹੈ। ਕਿਸੇ ਦਾ ਹਾਲਚਾਲ ਪੁੱਛਣਾ ਹੋਵੇ ਮਿੰਟਾਂ ਸਕਿੰਟਾਂ ਵਿੱਚ ਉਸਦਾ ਹਾਲ ਚਾਲ ਪੁੱਛ ਲਿਆ ਜਾਂਦਾ ਹੈ। ਚਾਹੇ ਉਹ ਸੱਜਣ ਵਿਦੇਸ਼ ਵਿੱਚ ਹੀ ਕਿਉਂ ਨਾ ਬੈਠਾ ਹੋਵੇ ?ਟੈਕਨੋਲਜੀ ਨੇ ਇਨ੍ਹਾਂ ਤਾਂ ਫਾਇਦਾ ਕਰ ਦਿੱਤਾ ਹੈ ਕਿ ਦੂਰ ਦਰਾਜ਼ ਦੇ ਕਿਸੇ ਏਗੀਏ ਵਿੱਚ ਇਨਸਾਨ ਦੂਜੇ ਇਨਸਾਨ ਨਾਲ ਰਾਬਤਾ ਰੱਖ ਸਕਦਾ ਹੈ। ਪਰ ਇਸ ਦਾ ਨੁਕਸਾਨ ਵੀ ਹੋਇਆ ਹੈ ਕਿ ਜੋ ਇਨਸਾਨ ਆਹਮਣੇ ਸਾਹਮਣੇ ਬੈਠ ਕੇ ਇੱਕ ਦੂਜੇ ਨਾਲ ਗੱਲਾਂ ਕਰ ਸਕਦਾ ਹੈ , ਆਪਣਾ ਦਿਲ ਫਰੋਲ ਸਕਦਾ ਹੈ।ਉਹ ਰਿਸ਼ਤੇ ਮੋਬਾਇਲ ਨੇ ਖਤਮ ਕਰ ਦਿੱਤੇ ਹਨ। ਅੱਜ ਸੋਸ਼ਲ ਮੀਡੀਆ ਦੀ ਦੁਰਵਰਤੋਂ ਕਾਰਨ ਬੱਚੇ ਆਪਣੀ ਜਾਨ ਤੱਕ ਗੁਆ ਰਹੇ ਹਨ। ਬੱਚੇ ਵਿਦੇਸ਼ ਜਾ ਰਹੇ ਹਨ। ਪਿੱਛੋਂ ਜੇ ਪਰਿਵਾਰਾਂ ਵਿੱਚ ਅਣਸੁਖਾਵੀਂ ਘਟਨਾ ਵਾਪਰ ਜਾਂਦੀ ਹੈ ਤਾਂ ਮੋਬਾਇਲ ਤੇ ਵੀਡੀਓ ਕਾਲ ਕਰ ਲਈ ਜਾਂਦੀ ਹੈ। ਅੰਤਿਮ ਰਸਮਾਂ ਵੀ ਮੋਬਾਇਲ ਤੇ ਹੋ ਰਹੀਆਂ ਹਨ। ਮੋਬਾਇਲ ਤੇ ਹੀ ਦੁੱਖ ਸੁੱਖ ਸਾਂਝਾ ਕਰ ਲਿਆ ਜਾਂਦਾ ਹੈ।

ਅੱਜ ਅਸੀਂ ਬਹੁਤ ਡਿਗਰੀਆਂ ਹਾਸਿਲ ਕਰ ਚੁੱਕੇ ਹਾਂ ਪਰ ਸਬਰ ਸੰਤੋਖ ਗਵਾ ਚੁੱਕੇ ਹਨ। ਜ਼ਿੰਦਗੀ ਦੀ ਅਸਲ ਖੁਸ਼ੀ ਤੋਂ ਵਾਂਝੇ ਹੋ ਗਏ ਹਾਂ ।ਖੁਸ਼ਹਾਲ ਜ਼ਿੰਦਗੀ ਜਿਊਣਾ ਭੁੱਲ ਚੁੱਕੇ ਹਾਂ। ਪੈਸੇ ਦੀ ਦੌੜ ਜਿਆਦਾ ਲੱਗੀ ਹੋਈ ਹੈ । ਇੱਕ ਦੂਜੇ ਨੂੰ ਨੀਵਾਂ ਦਿਖਾਉਣਾ ਆਮ ਹੈ। ਭਰਾ ਭਰਾ ਦਾ ਦੁਸ਼ਮਣ ਬਣ ਚੁੱਕਿਆ ਹੈ।ਅਸੀਂ ਆਪਣੀ ਜ਼ਿੰਦਗੀ ਦੀ ਤੁਲਨਾ ਦੂਜਿਆਂ ਨਾਲ ਕਰਦੇ ਹਨ, ਜਿਸ ਕਾਰਨ ਸਾਡੀ ਮਾਨਸਿਕ ਸ਼ਾਂਤੀ ਖਤਮ ਹੋ ਗਈ ਹੈ। ਅੱਜ ਕਰੋੜਾਂ ਰੁਪਿਆ ਹੈ ,ਪਰ ਮਾਨਸਿਕ ਸਕੂਨ ਨਹੀਂ ਹੈ ।ਸਕੂਨ ਲੈਣ ਲਈ ਉਹ ਆਨਲਾਈਨ ਕਲਾਸਾਂ ਜੁਆਇਨ ਕਰ ਰਿਹਾ ਹੈ । ਟੈਨਸ਼ਨ ਵਿੱਚ ਹੀ ਸਾਰਾ ਦਿਨ ਗੁਜ਼ਰ ਜਾਂਦਾ ਹੈ। ਸਵੇਰੇ ਖਾਲੀ ਪੇਟ ਤੋਂ ਰਾਤ ਨੂੰ ਸੋਣ ਵੇਲੇ ਤੱਕ ਦਵਾਈ ਇਨਸਾਨ ਦੇ ਅੰਦਰ ਜਾ ਰਹੀ ਹੈ। ਆਪਣੇ ਲਈ ਖੁਦ ਸਮਾਂ ਨਹੀਂ ਹੈ। ਜੇ ਆਪਣੇ ਆਪ ਨਾਲ ਹੀ ਗੱਲਾਂ ਨਹੀਂ ਕਰੀਆਂ ਤਾਂ ਫਿਰ ਅਜਿਹੇ ਪੈਸੇ ਦਾ ਕੀ ? ਜੇ ਤੁਸੀਂ ਆਪਣੇ ਆਪ ਦਾ ਧਿਆਨ ਹੀ ਨਹੀਂ ਰੱਖਿਆ। ਇਨਸਾਨ ਮਸ਼ੀਨ ਬਣ ਚੁੱਕਿਆ ਹੈ।ਅੱਜ ਟੈਕਨੋਲਜੀ ਨੇ ਸਾਨੂੰ ਬਹੁਤ ਸਹੂਲਤਾਂ ਦੇ ਕੇ ਜੀਵਨ ਸੁਖਾਲਾ ਕਰ ਦਿੱਤਾ ਹੈ। ਪਰ ਅਸੀਂ ਇਸ ਦੀ ਨੀਗੀ ਦੁਰਵਰਤੋਂ ਕਰ ਰਹੇ ਹਾਂ। ਸਾਨੂੰ ਆਪਣੇ ਸੱਭਿਆਚਾਰਕ ਤੇ ਨੈਤਿਕ ਕਦਰਾਂ ਕੀਮਤਾਂ ਨੂੰ ਨਹੀਂ ਭੁੱਲਣਾ ਚਾਹੀਦਾ। ਬਜ਼ੁਰਗਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਵੱਡੇ ਵੱਡੇ ਮਹਿਲ ਹਨ ਸਾਰਿਆਂ ਲਈ ਵੱਖ-ਵੱਖ ਕਮਰੇ ਹਨ ।ਇੱਕ ਥਾਂ ਤੇ ਬੈਠ ਕੇ ਕਦੇ ਵੀ ਪਰਿਵਾਰ ਇਕੱਠਾ ਨਹੀਂ ਹੁੰਦਾ ਹੈ । ਘਰਾਂ ਵਿੱਚ ਆਪਸੀ ਦੂਰੀਆਂ ਵੱਧ ਚੁੱਕੀਆਂ ਹਨ। ਬਰਦਾਸ਼ਤ ਸ਼ਕਤੀ ਬਿਲਕੁਲ ਵੀ ਨਹੀਂ ਰਹੀ ਹੈ। ਮਾਪੇ ਬੱਚਿਆਂ ਨੂੰ ਝਿੜਕਦੇ ਨਹੀਂ ਹਨ ਉਹਨਾਂ ਨੂੰ ਡਰ ਹੈ ਕਿ ਕਦੇ ਬੱਚਾ ਗਲਤ ਕਦਮ ਨਾ ਚੁੱਕ ਲਵੇ। ਅੱਜ ਦੇ ਸਮੇਂ ਵਿੱਚ ਅਸੀਂ ਆਪਣੀ ਨੈਤਿਕ ਅਦਰਾ ਕੀਮਤਾਂ ਨੂੰ ਪਿੱਛੇ ਛੱਡ ਆਏ ਹਾਂ। ਜਦੋਂ ਕਦੇ ਇਕੱਲੇ ਬੈਠੇ ਹੁੰਦੇ ਹਾਂ ਤਾਂ ਅਸੀਂ ਸੋਚਦੇ ਹਾਂ ਕਿ ਸਾਡੇ ਬਜ਼ੁਰਗਾਂ ਦਾ ਸਮਾਂ ਕਿੰਨਾ ਚੰਗਾ ਹੁੰਦਾ ਸੀ, ਬੱਚੇ ਬਜ਼ੁਰਗਾਂ ਕੋਲ ਬੈਠਦੇ ਸਨ। ਅਜਿਹਾ ਸਮਾਂ ਮੁੜਕੇ ਕਦੋਂ ਆਵੇਗਾ ? ਸਾਨੂੰ ਆਪਣੇ ਬੱਚਿਆਂ ਨੂੰ ਰਿਸ਼ਤਿਆਂ ਦੀ ਮਹੱਤਤਾ ਬਾਰੇ ਦੱਸਣਾ ਚਾਹੀਦਾ ਹੈ। ਕਿਸ ਤਰ੍ਹਾਂ ਜ਼ਿੰਦਗੀ ਜਿਊਣੀ ਹੈ ਇਸ ਬਾਰੇ ਦੱਸਣਾ ਚਾਹੀਦਾ ਹੈ। ਵੱਡਿਆਂ ਨਾਲ ਕਿਸ ਤਰ੍ਹਾਂ ਗੱਲਬਾਤ ਕਰਨੀ ਹੈ ਉਸ ਬਾਰੇ ਬੱਚਿਆਂ ਨੂੰ ਜਰੂਰ ਦੱਸੋ। ਕਹਿਣ ਦਾ ਮਤਲਬ ਹੈ ਕਿ ਬੱਚੇ ਸਾਡੇ ਸਮਾਜ ਦਾ ਸਰਮਾਇਆ ਹਨ ,ਉਹਨਾਂ ਨਾਲ ਸਮਾਂ ਜ਼ਰੂਰ ਬਿਤਾਓ। ਉਹਨਾਂ ਨੂੰ ਚੰਗੇ ਮਾੜੇ ਦੀ ਪਰਖ ਆਉਣੀ ਚਾਹੀਦੀ ਹੈ। ਉਹ ਕੱਲ ਦਾ ਭਵਿੱਖ ਹਨ। ਇਨਸਾਨ ਚਾਹੇ ਜਿੰਨਾ ਮਰਜ਼ੀ ਤਰੱਕੀ ਕਰ ਲਵੇ ਪਰ ਉਸਨੂੰ ਆਪਣੀ ਜੜ੍ਹੋਂ ਤੋਂ ਨਹੀਂ ਹਿੱਲਣਾ ਚਾਹੀਦਾ । ਅਕਸਰ ਕਿਹਾ ਜਾਂਦਾ ਹੈ ਕਿ ਇਨਸਾਨ ਨੂੰ ਆਪਣੀ ਔਕਾਤ ਤੇ ਗੁਰੂ ਦੀ ਸੰਗਾਤ ਨਹੀਂ ਭੁੱਲਣੀ ਚਾਹੀਦੀ। ਜ਼ਿੰਦਗੀ ਵਿੱਚ ਖੂਬ ਪੈਸਾ ਕਮਾਓ,ਖੂਬ ਤਰੱਕੀ ਕਰੋ, ਪਰ ਆਪਣੇ ਵਿਰਸੇ ਨਾਲ ਜੁੜੇ ਰਹੋ।

ਆਈਡੀਬੀਆਈ ਬੈਂਕ ਲਿਮ.,
IDBI BANK
BANK AISA DOST JAISA
ਜ਼ੋਨਲ ਦਫ਼ਤਰ
ਐਸਸੀਓ 72-73,ਸੈਕਟਰ-17ਬੀ,
ਬੈਂਕ ਸਕੂਏਅਰ, ਚੰਡੀਗੜ੍ਹ-160 017

ਕਬਜ਼ਾ ਸੂਚਨਾ

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਆਈਡੀਬੀਆਈ ਬੈਂਕ ਲਿਮ.** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦੀ ਅਧਿਕਾਰਤਾ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਅਧਿਕਾਰਤਾ) ਨਿਯਮਾਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ ਨੂੰ ਸੱਦਾ ਦਿੰਦੇ ਹੋਏ ਮਿਤੀ (ਨਿਮਨ ਦਰਸਾਈ ਸਾਰਣੀ ਦੇ ਅਨੁਸਾਰ) ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ/ਜ਼ਾਮਨ/ਗਿਰਵੀਕਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ/ਗਿਰਵੀਕਾਰ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਇਸ ਮਿਤੀ ਨੂੰ ਦਰਸਾਈ ਨਿਯਮਾਵਲੀ ਸੁਰੱਖਿਆ ਵਿਆਜ (ਅਧਿਕਾਰਤਾ) ਨਿਯਮਾਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ **13** ਦੀ ਉਪ-ਧਾਰਾ (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰ/ਜ਼ਾਮਨ/ਗਿਰਵੀਕਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਕਰਜ਼ਦਾਰ ਤੋਂ ਬਕਾਇਆ ਕੁੱਲ ਰਕਮ ਅਤੇ ਵਿਆਜ (ਨਿਮਨ ਦਰਸਾਈ ਸਾਰਣੀ ਦੇ ਅਨੁਸਾਰ) ਦੇ ਲਈ **ਆਈਡੀਬੀਆਈ ਬੈਂਕ ਲਿਮ.** ਦੇ ਚਾਰਜ ਨਾਲ ਸਬੰਧਤ ਹੋਵੇਗੀ।
ਕਰਜ਼ਦਾਰ/ਜ਼ਾਮਨ/ਗਿਰਵੀਕਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

ਕਰਜ਼ਦਾਰਾਂ/ਸੰਪੱਤੀ ਦੇ ਮਾਲਕ ਦਾ ਨਾਮ	ਮੰਗ ਸੂਚਨਾ ਦੀ ਮਿਤੀ	ਕਬਜ਼ਾ ਸੂਚਨਾ ਦੀ ਮਿਤੀ	ਮੰਗ ਸੂਚਨਾ ਵਿਚ ਦਾਅਵਾ ਕੀਤੀ ਰਕਮ	ਚੱਲ/ਅਚੱਲ ਸੰਪੱਤੀ ਦੇ ਵੇਰਵੇ (ਸੰਪੱਤੀ ਦੇ ਸ਼ਾਮਲ ਸਾਰੇ ਭਾਗ ਅਤੇ ਹਿੱਸੇ)
(1)ਸ੍ਰੀ ਨਾਨੂੰਮੱਲ ਸਪੁੱਤਰ ਸ੍ਰੀ ਰਾਮ ਚਰਨ (ਕਰਜ਼ਦਾਰ)(2)ਸ਼੍ਰੀਮਤੀ ਲਕਸ਼ਮੀ ਪਤਨੀ ਸ੍ਰੀ ਨਾਨੂਮਲ (ਸਹਿ-ਕਰਜ਼ਦਾਰ ਅਤੇ ਗਿਰਵੀਕਾਰ) (3) ਸ੍ਰੀ ਸੋਨੂੰ ਪੁੱਤਰ ਸ੍ਰੀ ਨਾਨੂਮਲ (ਸਹਿ-ਕਰਜ਼ਦਾਰ)	06.01.2026	02.05.2026 (ਸੰਕੇਤਕ)	7,41,579.05 ਰੁਪਏ (ਸੱਤ ਲੱਖ ਇੱਕਤਾਲੀ ਹਜ਼ਾਰ ਪੰਜ ਸੌ ਉਨੱਤਰ ਪੈਸੇ ਅਤੇ ਸਿਰਫ਼ ਪੰਜ ਪੈਸੇ)	ਅਚੱਲ ਜਾਇਦਾਦ ਦੇ ਉਸ ਸਾਰੇ ਟੁਕੜੇ ਅਤੇ ਹਿੱਸੇ ਵਿੱਚ 04 ਮਰਲੇ 01 ਸਰਸਾਹੀ ਦੀ ਜ਼ਮੀਨ ਸ਼ਾਮਲ ਸੀ ਜਿਸ ਵਿੱਚ ਖਸਰਾ ਨੰਬਰ 29//11 (8-0) ਕਿੱਟਾ 1 ਦੇ ਅਧੀਨ ਖਸਰਾ ਨੰਬਰ 29/ /11 (8-0) ਕਿਤੇ 1, 08 ਕਨਾਲ 00 ਮਰਲੇ ਹਿੱਸੇ ਦੀ ਜ਼ਮੀਨ ਸ਼ਾਮਲ ਸੀ ਜੋ ਕਿ ਨੰਬਰ 22,

ਤਹਿਸੀਲ ਅਤੇ ਜ਼ਿਲ੍ਹਾ ਦੀ ਹੱਦ ਤੱਕ ਹੈ।ਐਸ. ਏ. ਐਸ. ਨਗਰ ਮੋਹਾਲੀ 37/1440 ਭਾਵ 04 ਮਰਲੇ ਸਰਸਾਹੀ, ਰਿਹਾਇਸ਼ੀ ਪਲਾਟ ਨੰਬਰ 122, ਪਿੰਡ ਝਾਮਪੁਰ ਹਦਬਸਤ ਪੰਜਾਬ ਵਿਖੇ ਸਥਿਤ, ਸ਼੍ਰੀਮਤੀ ਲਕਸ਼ਮੀ ਪਤਨੀ ਸ੍ਰੀ ਨਾਨੂਮਲ ਦੇ ਨਾਮ 'ਤੇ, ਵਿਕਰੀ ਡੀਡ ਨੰਬਰ 5748 (ਵਿਕਰੀ ਡੀਡ ਨੰਬਰ 5748 ਦੀ ਕਾਪੀ ਮਿਤੀ 12.01.2016) ਜੋ ਕਿ ਹੇਠਾਂ ਦਿੱਤੀ ਗਈ ਹੈ; ਮੌਜੂਦਾ ਅਤੇ ਭਵਿੱਖੀ ਦੋਵੇਂ ਤਰ੍ਹਾਂ ਦੀਆਂ ਸਾਰੀਆਂ ਵਿਲੱਖਣ ਬਣਤਰਾਂ ਅਤੇ ਉਸਾਰੀਆਂ ਦੇ ਨਾਲ।

ਮਿਤੀ : 04.05.2026 ਸਥਾਨ : ਚੰਡੀਗੜ੍ਹ ਅਧਿਕਾਰਤ ਅਧਿਕਾਰੀ

ਇੰਡੀਅਨ ਬੈਂਕ Indian Bank ALLAHABAD ਇਲਾਹਾਬਾਦ
ਜ਼ੋਨਲ ਦਫ਼ਤਰ, ਜਲੰਧਰ
ਐਸਸੀਓ 44-ਸੀ, ਦੂਜੀ ਮੰਜ਼ਿਲ, ਅਰਬਨ ਅਸਟੇਟ, ਫੇਜ਼ 2, ਜਲੰਧਰ, 144022
E-mail: zojalandhar@indianbank.bank.in, M- 94176 43621

ਅੰਤਿਕਾ-4 [ਨਿਯਮ 8 (1)]
ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਇੰਡੀਅਨ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ (†) ਨੂੰ ਅਦਾ ਕਰਨ ਲਈ ਉਨ੍ਹਾਂ ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰ (†)/ਜ਼ਾਮਨ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਕਰਜ਼ਦਾਰ (†) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (†) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਦਰਸਾਈ ਮਿਤੀ ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ **ਧਾਰਾ** 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ (†) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਰਕਮ ਅਤੇ ਉਸ ਉਪਰ ਵਿਆਜ, ਅਚਨਚੇਤੀ ਖਰਚਿਆਂ, ਲਾਗਤਾਂ ਆਦਿ ਦੇ ਲਈ **ਇੰਡੀਅਨ ਬੈਂਕ**,ਦੇ ਚਾਰਜ ਨਾਲ ਸਬੰਧਤ ਹੋਵੇਗੀ।
"ਅਸੀਂ ਤੁਹਾਡਾ ਧਿਆਨ ਜ਼ਾਮਨੀਆਂ ਉਪਰ ਪੁਨਰ ਪ੍ਰਾਪਤੀ ਦੇ ਤੁਹਾਡੇ ਅਧਿਕਾਰਾਂ ਨਾਲ ਸਬੰਧਤ ਸਰਫਾਇਸੀ ਐਕਟ ਅਤੇ ਇਸ ਦੇ ਅਧੀਨ ਗਠਿਤ ਨਿਯਮਾਂ ਦੀ ਧਾਰਾ 13 (8) ਦੀਆਂ ਵਿਵਸਥਾਵਾਂ ਵੱਲ ਦੁਆਉਂਦੇ ਹਾਂ।"

ਸ਼ਾਖਾ/ਕਰਜ਼ਦਾਰਾਂ/ਜ਼ਾਮਨਾਂ/ਗਿਰਵੀਕਾਰਾਂ ਦਾ ਨਾਮ	ਗਿਰਵੀ ਸੰਪੱਤੀ ਦੇ ਵੇਰਵੇ	ਮੰਗ ਸੂਚਨਾ ਦੀ ਮਿਤੀ	ਕਬਜ਼ੇ ਦੀ ਮਿਤੀ	ਨਿਮਨ ਦਰਸਾਈ ਮਿਤੀ ਨੂੰ ਬਕਾਇਆ ਰਕਮ
ਕਪੂਰਥਲਾ ਸ਼ਾਖਾ ਮੈਸਰਜ਼ ਸਨਤ ਰਿਐਲਟਰ



ਪਟਿਆਲਾ-ਆਸ/ਪਾਸ



ਸਿਹਤ ਮੰਤਰੀ ਮਿਊਂਸਪਲ ਕੌਂਸਲਰਾਂ ਤੇ ਅਧਿਕਾਰੀਆਂ ਨਾਲ ਹੋਏ ਰੂਬਰੂ

➢ਨਗਰ ਨਿਗਮ ਅਧਿਕਾਰੀਆਂ ਨੂੰ ਕੌਂਸਲਰਾਂ ਨਾਲ ਤਾਲਮੇਲ ਕਰਕੇ ਕੰਮ ਕਰਨ ਦੀ ਦਿੱਤੀ ਸਖ਼ਤ ਹਦਾਇਤ

ਪਟਿਆਲਾ, 4 ਮਈ (ਗੁਰਮੁੱਖ ਰੁਪਾਣਾ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਨਗਰ ਨਿਗਮ ਦਫ਼ਤਰ ਵਿਖੇ ਦਿਹਾਤੀ ਹਲਕੇ ਦੇ ਮਿਊਂਸਪਲ ਕੌਂਸਲਰਾਂ ਅਤੇ ਸੰਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਮਹੱਤਵਪੂਰਨ ਮੀਟਿੰਗ ਕੀਤੀ, ਜਿਸ ਦੌਰਾਨ ਹਲਕੇ ਵਿੱਚ ਚੱਲ ਰਹੀਆਂ ਬੁਨਿਆਦੀ ਸੁਵਿਧਾਵਾਂ ਨਾਲ ਜੁੜੀਆਂ ਸਮੱਸਿਆਵਾਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ ਗਿਆ। ਮੀਟਿੰਗ ਦੌਰਾਨ ਕੌਂਸਲਰਾਂ ਵੱਲੋਂ ਸੜਕਾਂ ਦੀ ਮੰਦੀ ਹਾਲਤ, ਸੀਵਰੇਜ਼ ਪ੍ਰਣਾਲੀ ਵਿੱਚ ਆ ਰਹੀਆਂ ਦਿੱਕਤਾਂ ਅਤੇ ਸਟ੍ਰੀਟ ਲਾਈਟਾਂ ਦੀ ਕਮੀ ਸਬੰਧੀ ਮੁੱਦੇ ਉਠਾਏ ਗਏ, ਜਿਨ੍ਹਾਂ ਨੂੰ ਸਿਹਤ ਮੰਤਰੀ ਵੱਲੋਂ ਧਿਆਨ ਨਾਲ ਸੁਣਿਆ ਗਿਆ। ਡਾ. ਬਲਬੀਰ ਸਿੰਘ ਨੇ ਅਧਿਕਾਰੀਆਂ ਨੂੰ ਕੌਂਸਲਰਾਂ ਨਾਲ ਤਾਲਮੇਲ ਕਰਕੇ ਕੰਮ ਕਰਨ ਦੀ



ਸਖ਼ਤ ਹਦਾਇਤ ਦਿੱਤੀ ਅਤੇ ਕਿਹਾ ਕਿ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨਾ ਸਾਡੀ ਜ਼ਿੰਮੇਵਾਰੀ ਹੈ। ਉਨ੍ਹਾਂ ਨੇ ਇਮਾਨਦਾਰੀ ਅਤੇ ਸਮਰਪਣ ਨਾਲ ਕੰਮ ਕਰਨ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਸ਼ਹਿਰ ਦੇ ਵਿਕਾਸ ਲਈ ਸਾਰੇ ਵਿਭਾਗਾਂ ਨੂੰ ਮਿਲਜੁਲ ਕੇ ਯਤਨ ਕਰਨੇ ਚਾਹੀਦੇ ਹਨ। ਓਹਨਾਂ ਕਿਹਾ ਕਿ ਜਿਹੜੇ ਠੇਕੇਦਾਰ ਕੰਮ ਵਿੱਚ ਕੁਤਾਹੀ ਕਰਦੇ ਹਨ, ਉਹਨਾਂ ਨੂੰ ਬਲੈਕਲਿਸਟ ਕੀਤਾ ਜਾਵੇ। ਸਿਹਤ ਮੰਤਰੀ ਨੇ ਮੌਕੇ 'ਤੇ ਹੀ ਕਈ ਸਮੱਸਿਆਵਾਂ ਦਾ ਹੱਲ ਕਰਦੇ ਹੋਏ ਬਾਕੀਆਂ ਲਈ ਸਮਾਂ-ਬੱਧ ਯੋਜਨਾ ਤਿਆਰ ਕਰਨ ਦੇ ਹੁਕਮ ਜਾਰੀ ਕੀਤੇ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨਾ ਸਰਕਾਰ ਦੀ ਪਹਿਲੀ ਤਰਜੀਹ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਓਹਨਾਂ ਨੇ ਬਰਸਾਤਾਂ ਤੋਂ ਪਹਿਲਾਂ ਸੜਕਾਂ ਦੀ ਮੁਰੰਮਤ ਅਤੇ ਪੱਕਾ ਕਰਨ ਦੇ ਕੰਮ ਨੂੰ ਤੁਰੰਤ ਮੁਕੰਮਲ ਕਰਨ ਲਈ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਅਤੇ ਲੁੱਕ ਪਾਉਣ ਲਈ ਵੀ ਨਿਰਧਾਰਤ ਸਮਾਂ ਸੀਮਾ ਤੈਅ ਕੀਤੀ। ਮੀਟਿੰਗ ਦੌਰਾਨ ਐਲ ਐਂਡ ਟੀ ਨਾਲ ਜੁੜੇ ਪ੍ਰੋਜੈਕਟਾਂ ਬਾਰੇ ਵੀ ਚਰਚਾ ਕੀਤੀ ਗਈ ਅਤੇ ਸੰਬੰਧਿਤ ਅਧਿਕਾਰੀਆਂ ਨੂੰ ਕੰਮ ਵਿੱਚ ਤੇਜ਼ੀ ਲਿਆਉਣ ਲਈ ਕਿਹਾ ਗਿਆ। ਇਸ ਤੋਂ ਇਲਾਵਾ, ਸ਼ਹਿਰ ਵਿੱਚ ਚੱਲ ਰਹੀਆਂ ਡੇਅਰੀਆਂ ਦੇ ਮਸਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਸਿਹਤ ਮੰਤਰੀ ਨੇ ਨਗਰ ਨਿਗਮ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਦਿੱਤੀ ਕਿ ਡੇਅਰੀ ਮਾਲਕਾਂ ਨੂੰ ਸ਼ਹਿਰ ਤੋਂ ਬਾਹਰ ਸ਼ਿਫਟ ਕਰਨ ਲਈ ਤੁਰੰਤ ਨੋਟਿਸ ਜਾਰੀ ਕੀਤੇ ਜਾਣ ਅਤੇ ਇਸ ਪ੍ਰਕਿਰਿਆ ਨੂੰ ਨਿਯਮਾਂ ਅਨੁਸਾਰ ਅਮਲ ਵਿੱਚ ਲਿਆਂਦਾ ਜਾਵੇ। ਡਾ. ਬਲਬੀਰ ਸਿੰਘ ਨੇ ਅਧਿਕਾਰੀਆਂ ਨੂੰ ਚੇਤਾਵਨੀ ਦਿੱਤੀ ਕਿ ਕੰਮ ਵਿੱਚ ਕੁਤਾਹੀ ਜਾਂ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਹਰ ਇਕ ਪ੍ਰੋਜੈਕਟ ਨੂੰ ਨਿਰਧਾਰਤ ਸਮੇਂ ਅੰਦਰ ਪੂਰਾ ਕੀਤਾ ਜਾਵੇ। ਮੰਤਰੀ ਨੇ ਕਿਹਾ ਕਿ ਜਿਨ੍ਹਾਂ ਕੰਮਾਂ ਲਈ ਐਨਓਸੀ ਜਾਰੀ ਹੋ ਚੁੱਕੀ ਹੈ, ਉਹਨਾਂ ਨੂੰ ਤੁਰੰਤ ਪੂਰਾ ਕੀਤਾ ਜਾਵੇ ਅਤੇ ਕਿਸੇ ਵੀ ਕਿਸਮ ਦੀ ਰੁਕਾਵਟ ਨੂੰ ਤੁਰੰਤ ਦੂਰ ਕੀਤਾ ਜਾਵੇ। ਸਿਹਤ ਮੰਤਰੀ ਨੇ ਸਫ਼ਾਈ ਪ੍ਰਣਾਲੀ ਨੂੰ ਹੋਰ ਮਜ਼ਬੂਤ ਕਰਨ, ਸੀਵਰੇਜ਼ ਲਾਈਨਾਂ ਦੀ ਸਫ਼ਾਈ, ਸਟ੍ਰੀਟ ਲਾਈਟਾਂ ਦੀ ਸੁਧਾਰ ਅਤੇ ਪਾਰਕਾਂ ਦੀ ਸੰਭਾਲ ਲਈ ਵੀ ਵਿਸਥਾਰਪੂਰਵਕ ਯੋਜਨਾ ਬਣਾਉਣ ਦੇ ਹੁਕਮ ਦਿੱਤੇ।ਓਹਨਾਂ ਕਿਹਾ ਕਿ ਇਸ ਦੇ ਨਾਲ ਹੀ ਕੰਮ ਦੀ ਪ੍ਰਗਤੀ ਦੀ ਹਰ ਹਫ਼ਤੇ ਸਮੀਖਿਆ ਮੀਟਿੰਗ ਵੀ ਕੀਤੀ ਜਾਵੇਗੀ। ਇਸ ਮੌਕੇ ਮੇਅਰ ਕੁੰਦਨ ਗੋਗੀਆ, ਡਿਪਟੀ ਮੇਅਰ ਹਰਿੰਦਰ ਕੋਹਲੀ, ਜਸਬੀਰ ਗਾਂਧੀ, ਕਮਿਸ਼ਨਰ ਨਗਰ ਨਿਗਮ ਪਰਮਜੀਤ ਸਿੰਘ, ਜੁਆਇੰਟ ਕਮਿਸ਼ਨਰ ਮਨਗੀਤ ਰਾਣਾ ਤੋਂ ਇਲਾਵਾ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

ਮਾਨਸੂਨ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਸੁਚੇਤ : ਹੜ੍ਹਾਂ ਤੋਂ ਬਚਾਅ ਲਈ ਅਗੇਤੀ ਤਿਆਰੀਆਂ ਤੇਜ਼

➢ਨੀਵੇਂ ਇਲਾਕਿਆਂ ਦਾ ਦੌਰਾ ਕਰਕੇ ਤੁਰੰਤ ਹੱਲ ਯਕੀਨੀ ਬਣਾਏ ਜਾਣ : ਰਾਜਦੀਪ ਸਿੰਘ ਬਰਾੜ

ਮਲੇਰਕੋਟਲਾ, 4 ਮਈ (ਬਲਜੀਤ ਸਿੰਘ ਟਿੱਬਾ) : ਮਲੇਰਕੋਟਲਾ ਜ਼ਿਲ੍ਹੇ ਵਿੱਚ ਮਾਨਸੂਨ ਸੀਜ਼ਨ ਦੌਰਾਨ ਸੰਭਾਵਿਤ ਹੜ੍ਹਾਂ ਅਤੇ ਪਾਣੀ ਦੀ ਇੱਕਤਰਤਾ ਵਰਗੀਆਂ ਸਮੱਸਿਆਵਾਂ ਤੋਂ ਬਚਾਅ ਲਈ ਪ੍ਰਸ਼ਾਸਨ ਵੱਲੋਂ ਅਗੇਤੀ ਕਦਮ ਚੁੱਕੇ ਜਾ ਰਹੇ ਹਨ। ਇਸ ਸੰਦਰਭ ਵਿੱਚ ਵਧੀਕ ਡਿਪਟੀ ਕਮਿਸ਼ਨਰ ਰਾਜਦੀਪ ਸਿੰਘ ਬਰਾੜ ਵੱਲੋਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਇਕ ਮਹੱਤਵਪੂਰਨ ਬੈਠਕ ਕਰਕੇ ਤਿਆਰੀਆਂ ਦੀ ਸਮੀਖਿਆ ਕੀਤੀ ਗਈ। ਬੈਠਕ ਦੌਰਾਨ ਉਨ੍ਹਾਂ ਕਿਹਾ ਕਿ ਭਾਵੇਂ ਜ਼ਿਲ੍ਹਾ ਹੜ੍ਹਾਂ ਦੀ ਸਿੱਧੀ ਮਾਰ ਤੋਂ ਬਚਿਆ ਰਹਿੰਦਾ ਹੈ, ਪਰ ਭਾਰੀ ਬਰਸਾਤ ਕਾਰਨ ਨੀਵੇਂ ਇਲਾਕਿਆਂ ਵਿੱਚ ਪਾਣੀ ਖੜ੍ਹਾ ਹੋਣ ਦੀ ਸਮੱਸਿਆ ਹਰ ਸਾਲ ਸਾਹਮਣੇ ਆਉਂਦੀ ਹੈ। ਇਸ ਲਈ ਸਾਰੇ ਵਿਭਾਗ ਮਾਨਸੂਨ ਤੋਂ ਪਹਿਲਾਂ ਹੀ ਤਿਆਰੀਆਂ ਮੁਕੰਮਲ ਕਰਕੇ ਸੰਭਾਵਿਤ ਖਤਰੇ ਨੂੰ ਘੱਟ ਕਰਨ ਲਈ ਪੂਰੀ ਤਰ੍ਹਾਂ ਤਿਆਰ



ਰਹਿਣ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਚੋਆਂ, ਸੂਏ, ਨਾਲਿਆਂ ਅਤੇ ਨਦੀਆਂ ਦੀ ਸਫਾਈ ਅਤੇ ਬੰਨ੍ਹਾਂ ਦੀ ਮਜ਼ਬੂਤੀ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ਡਰੇਨੇਜ, ਸਿੰਚਾਈ, ਲੋਕ ਨਿਰਮਾਣ, ਮੰਡੀ ਬੋਰਡ, ਪੇਂਡੂ ਵਿਕਾਸ ਅਤੇ ਸਥਾਨਕ ਸਰਕਾਰਾਂ ਵਿਭਾਗਾਂ ਨੂੰ ਤੈਅ ਸਮੇਂ ਅੰਦਰ ਤਿਆਰੀਆਂ ਮੁਕੰਮਲ ਕਰਕੇ ਰਿਪੋਰਟ ਪੇਸ਼ ਕਰਨ ਲਈ ਕਿਹਾ ਗਿਆ। ਉਨ੍ਹਾਂ ਪਸ਼ੂ ਪਾਲਣ ਵਿਭਾਗ ਨੂੰ ਮਾਨਸੂਨ ਤੋਂ ਪਹਿਲਾਂ ਪਸ਼ੂਆਂ ਦਾ ਟੀਕਾਕਰਣ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ, ਜਦਕਿ ਲੋਕ ਨਿਰਮਾਣ ਅਤੇ ਮੰਡੀ ਬੋਰਡ ਨੂੰ ਪੁਲਾਂ ਅਤੇ ਸੜਕਾਂ ਦੀ ਮਜ਼ਬੂਤੀ ਬਾਰੇ ਸਰਟੀਫਿਕੇਟ ਜਮ੍ਹਾਂ ਕਰਵਾਉਣ ਲਈ ਕਿਹਾ। ਇਸ ਮੌਕੇ ਐੱਸ.ਪੀ (ਪੀ.ਬੀ.ਆਈ) ਰਾਜਵਿੰਦਰ ਸਿੰਘ, ਸਹਾਇਕ ਸਿਵਲ ਸਰਜਨ ਡਾ. ਸਜੀਲਾ ਖਾਨ, ਡੀ.ਡੀ.ਪੀ.ਓ ਰੂਪ ਸਿੰਘ, ਐਕਸ਼ੀਅਨ ਪੀ.ਐੱਸ.ਪੀ.ਸੀ.ਐੱਲ ਇੰਜੀ. ਹਰਵਿੰਦਰ ਸਿੰਘ, ਕਾਰਜ ਸਾਧਕ ਅਫਸਰ ਚੰਦਰ ਪ੍ਰਕਾਸ਼ ਵਧਵਾ, ਤਹਿਸੀਲਦਾਰ ਰਿਤੂ ਗੁਪਤਾ, ਬੀ.ਡੀ.ਪੀ.ਓ ਬਬਲਜੀਤ ਕੌਰ, ਏ.ਐਫ.ਐਸ.ਓ ਰਾਜਨ ਗੁਪਤਾ, ਨਾਇਬ ਤਹਿਸੀਲਦਾਰ ਹਰੀਸ਼ ਕੁਮਾਰ, ਸੀਨੀਅਰ ਫੈਟਰਨਰੀ ਅਫ਼ਸਰ ਡਾ.ਸੁਖਵਿੰਦਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ ਸਿੱਖਿਆ) ਬਲਜਿੰਦਰ ਕੌਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਮਨਜੀਤ ਕੌਰ ਤੋਂ ਇਲਾਵਾ ਵੱਖ- ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

ਕੋਆਪਰੇਟਿਵ ਬੈਂਕਾਂ ਦੀਆਂ ਮੁਲਾਜ਼ਮ ਜਥੇਬੰਦੀਆਂ ਵੱਲੋਂ ਕਿਸਾਨਾਂ ਦੇ ਹੱਦ ਕਰਜ਼ੇ ਵਧਾਉਣ ਵਾਲੀ ਪ੍ਰਕਿਰਿਆ ਦਾ ਵਿਰੋਧ ਮੰਦਭਾਗਾ: ਸ਼ਾਦੀਪੁਰ



ਭੁਨਰਹੇੜੀ, 4 ਮਈ (ਗੁਰਜੀਤ ਸਿੰਘ ਢੋਟ): ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਕੋਆਪਰੇਟਿਵ ਬੈਂਕਾਂ ਦੀਆਂ ਮੁਲਾਜ਼ਮ ਜਥੇਬੰਦੀਆਂ ਵੱਲੋਂ ਕਿਸਾਨਾਂ ਦੇ ਵਧੇ ਹੱਦ ਕਰਜੇ ਦਾ ਜੋ ਵਿਰੋਧ ਕੀਤਾ ਜਾ ਰਿਹਾ ਉਹਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਜਾਂਦੀ ਹੈ। ਇਸ ਮੌਕੇ ਸ਼ਾਦੀਪੁਰ ਨੇ ਕਿਹਾ ਕਿ ਕਿਸਾਨ ਮਜ਼ਦੂਰ ਮੁਲਾਜ਼ਮ ਅਤੇ ਹਰ ਵਰਗ ਦੀ ਏਕਤਾ ਦਾ ਨਾਰਾ 2020 ਤੋਂ ਚੱਲ ਰਿਹਾ ਉਹਨੂੰ ਮਜ਼ਬੂਤ ਕਰਨ ਵਾਸਤੇ ਮੁਲਾਜ਼ਮ ਜਥੇਬੰਦੀਆਂ ਨੂੰ ਸਰਕਾਰ ਵੱਲੋਂ ਵਧਾਏ ਗਏ ਹੱਦ ਕਰਜ ਨੂੰ ਜਲਦੀ ਤੋਂ ਜਲਦੀ ਕਿਸਾਨਾਂ ਨੂੰ ਬੁਲਾ ਕੇ ਜੋ ਵੀ ਕਾਗਜ਼ੀ ਕਾਰਵਾਈ ਕਰਨ ਵਾਲੀ ਉਹ ਕਰਕੇ ਕਿਸਾਨਾਂ ਨੂੰ ਵਧੇ ਹੋਏ ਹੱਦ ਕਰਜ਼ੇ ਦਾ ਲਾਭ ਦੇਣਾ ਚਾਹੀਦਾ ਹੈ। ਜੇਕਰ ਮੁਲਾਜ਼ਮ ਜਥੇਬੰਦੀਆਂ ਇਸੇ ਤਰ੍ਹਾਂ ਹੀ ਆਪਣੇ ਵੱਲੋਂ ਹੜਤਾਲ ਦਾ ਦਬਕਾ ਦੇ ਕੇ ਸਰਕਾਰ ਨੂੰ ਵਧੇ ਹੋਏ ਹੱਦ ਕਰਜੇ ਕਿਸਾਨਾਂ ਤੱਕ ਨਾ ਪਹੁੰਚਾਉਣ ਦਿੱਤੇ ਤਾਂ ਇਹਦੇ ਸਿੱਟੇ ਭਿਆਨਕ ਨਿਕਲ ਸਕਦੇ ਹਨ। ਕਿਸਾਨਾਂ ਨੂੰ ਸੰਘਰਸ਼ ਛੇੜਨਾ ਪਵੇਗਾ ਤੇ ਕਿਸਾਨ ਤੇ ਮੁਲਾਜ਼ਮ ਜਥੇਬੰਦੀਆਂ ਤਕਰਾਰ ਦੀ ਨੀਤੀ ਆਵੇਗੀ। ਜਿਹੜੀ ਬਿਲਕੁਲ ਵੀ ਨਹੀਂ ਆਉਣੀ ਚਾਹੀਦੀ ਨਾ ਹੀ ਸਾਡੀ ਕੋਸ਼ਿਸ਼ ਰਹੂਗੀ ਕਿ ਆਵੇ। ਪ੍ਰੰਤੂ ਮੁਲਾਜ਼ਮ ਜਥੇਬੰਦੀਆਂ ਜ਼ਰੂਰ ਇਹਦੇ 'ਤੇ ਗੌਰ ਕਰਨ। ਅਗਰ ਜੇਕਰ ਫਿਰ ਵੀ ਜਿੱਦੀ ਰਸਤਾ ਅਪਣਾਇਆ ਗਿਆ ਤਾਂ ਫਿਰ ਕਿਸਾਨ ਜਥੇਬੰਦੀਆਂ ਨੂੰ ਮਜਬੂਰਨ ਕੋਈ ਵੱਡਾ ਸੰਘਰਸ਼ ਵਿੱਢਣਾ ਪਵੇਗਾ। ਵਧੇ ਹੋਏ ਹੱਦ ਕਰਜ਼ੇ ਦਾ ਲਾਭ ਕਿਸਾਨਾਂ ਤੱਕ ਜ਼ਰੂਰ ਪਹੁੰਚਾਇਆ ਜਾਵੇ। ਇਸ ਮੌਕੇ 'ਤੇ ਜਥੇਬੰਦੀ ਦੇ ਪ੍ਰਧਾਨ ਤੇ ਐਸਕੇਐਮ ਦੇ ਆਗੂ ਬੂਟਾ ਸਿੰਘ ਸ਼ਾਦੀਪੁਰ, ਹਰਬੰਸ ਸਿੰਘ ਦਦੇਹੜ, ਕੈਪਟਨ ਮੇਜਰ ਸਿੰਘ, ਚਰਨਜੀਤ ਸਿੰਘ ਬਾਜਵਾ, ਸਖਵਿੰਦਰ ਵਿਰਕ,ਭੁਪਿੰਦਰ ਸ਼ੰਕਰਪੁਰ, ਹਾਕਮ ਸਿੰਘ ਬੂਹੀ , ਗੁਰਮੇਸ਼ ਸਿੰਘ ਅਲੀਪੁਰ, ਗੁਰਬਾਜ ਸਿੰਘ,ਨਿਸ਼ਾਨ ਸਿੰਘ, ਪਲਕ, ਬਲਜਿੰਦਰ ਸਿੰਘ ਜਨਸੁਹੀ ਬਲਕਾਰ ਸਿੰਘ ਸੰਧਾਰ ਸੀ ਲੱਖਾ ਸਿੰਘ ਸੰਸਾਰ ਸਿੰਘਗੁਰਲਾਲ ਸਿੰਘ ਰਣਜੀਤ ਸਿੰਘ ਮਿਆਲਾ ਮੀਰ ਸਿੰਘ ਫਰਿਆਦ ਸਿੰਘ ਡਰੋਲੀ ਆਗੂ ਹਾਜ਼ਰ ਸਨ।

ਸ਼ਾਮ ਸਮਾਜ ਸੇਵਾ ਆਸ਼ਰਮ ਵੱਲੋਂ 578ਵਾਂ ਮੁਫਤ ਰਾਸ਼ਨ ਵੰਡ ਸਮਾਰੋਹ, 220 ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਤਕਸੀਮ

ਸਮਾਣਾ, 4 ਮਈ (ਵਿਜੇ ਕੁਮਾਰ) : ਇਲਾਕੇ ਦੀ ਸਿਰਮੌਰ ਸੰਸਥਾ ਸ਼ਾਮ ਸਮਾਜ ਸੇਵਾ ਆਸ਼ਰਮ ਜੋ ਕਿ ਇਲਾਕੇ ਦੀਆਂ ਵਿਧਵਾਵਾਂ ਅਤੇ ਲੋੜਵੰਦ ਪ੍ਰੀਵਾਰਾਂ ਨੂੰ ਹਰ ਮਹੀਨੇ ਦੇ ਪਹਿਲੇ ਐਤਵਾਰ ਰਸੋਈ ਦੀ ਜ਼ਰੂਰਤ ਦਾ ਸਮਾਨ ਵੰਡ ਕੇ ਉਨ੍ਹਾਂ ਲਈ ਵਰਦਾਨ ਸਿੱਧ ਹੋ ਰਿਹਾ ਹੈ। ਇਸੇ ਲੜੀ ਤਹਿਤ ਸੰਸਥਾ ਦੇ ਪ੍ਰਧਾਨ ਮਦਨ ਲਾਲ ਪ੍ਰਦੇਸ਼ੀ ਦੀ ਪ੍ਰਧਾਨਗੀ 'ਚ 578ਵਾਂ ਮੁਫਤ ਰਾਸ਼ਨ ਵੰਡ ਸਮਾਰੋਹ ਕਰਵਾਇਆ ਗਿਆ, ਜਿਸ ਵਿਚ ਮੁੱਖ ਮਹਿਮਾਨ ਵਜੋਂ ਸੁਰਿੰਦਰ ਬਾਂਸਲ ਬੀਜਾਂਵਾਲੇ, ਸ਼੍ਰੀਮਤੀ ਵਿਜੇ ਬਾਂਸਲ, ਮਦਨ ਲਾਲ ਗਖੜ, ਸ਼੍ਰੀਮਤੀ ਸੰਕੁਤਲਾ ਗਖੜ,ਓਮ ਪ੍ਰਕਾਸ਼ ਜੈਸਿੰਘ, ਬੀ.ਕੇ.ਗੁਪਤਾ,ਸੰਜੀਵ ਗੋਇਲ ਨੇ ਸ਼ਿਰਕਤ ਕੀਤੀ। ਜਿਨ੍ਹਾਂ ਸੰਸਥਾ ਤੋਂ ਹਰ ਮਹੀਨੇ ਰਾਸ਼ਨ ਪ੍ਰਾਪਤ ਕਰਨ



ਵਾਲੇ 220 ਜਰੂਰਤਮੰਦ ਪ੍ਰੀਵਾਰਾਂ ਨੂੰ ਰਾਸ਼ਨ ਤਕਸੀਮ ਕਰਨ ਦੀ ਰਸਮੀ ਸ਼ੁਰੂਆਤ ਕੀਤੀ। ਸ਼ਾਮ ਸਮਾਜ ਸੇਵਾ ਆਸ਼ਰਮ ਮੁਹੱਲਾ ਨੀਲਗੜ੍ਹ, ਸਮਾਣਾ 'ਚ ਆਯੋਜਿਤ ਸਮਾਗਮ ਨੂੰ ਸੰਬੋਧਨ ਕਰਦਿਆਂ ਸੁਰਿੰਦਰ ਬਾਂਸਲ ਨੇ ਸੰਸਥਾ ਪ੍ਰਧਾਨ ਮਦਨ ਲਾਲ ਪ੍ਰਦੇਸੀ ਵੱਲੋਂ ਪਿਛਲੇ 49 ਸਾਲਾਂ ਤੋਂ ਲਗਾਤਾਰ ਜ਼ਰੂਰਤਮੰਦ ਪ੍ਰੀਵਾਰਾਂ ਨੂੰ ਮੁਫਤ ਵੰਡੇ ਜਾ ਰਹੇ ਰਾਸ਼ਨ ਦੀ ਭਰਪੂਰ ਸੰਲਾਘਾ ਕੀਤੀ ਤੇ ਕਿਹਾ ਅਜਿਹੀ ਲੰਮਾ ਸਮਾਂ ਸੇਵਾ ਕਰਦੇ ਰਹਿਣਾ ਹਰ ਕਿਸੇ ਦੇ ਵਸ ਦੀ ਗੱਲ ਨਹੀਂ। ਇਸ ਮੌਕੇ ਮਦਨ ਲਾਲ ਪ੍ਰਦੇਸੀ ਨੇ ਸਮਾਗਮ ਵਿਚ ਸ਼ਾਮਲ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਜੋ ਪਿਛਲੇ 49 ਸਾਲਾਂ ਤੋਂ ਲਗਾਤਾਰ ਜ਼ਰੂਰਤਮੰਦਾਂ ਨੂੰ ਰਾਸ਼ਨ ਵੰਡ ਰਹੇ ਹਨ, ਉਹ ਦਾਨੀ ਸਜਣਾਂ ਦੇ ਸਹਿਯੋਗ ਸਦਕਾ ਹੀ ਹੈ। ਸੰਸਥਾ ਪ੍ਰਧਾਨ ਨੇ ਸੰਸਥਾ ਤੇ ਪਦਮਸ਼੍ਰੀ ਵਿਜੇ ਚੌਪੜਾ ਜੀ ਦਾ ਅਸ਼ੀਰਵਾਦ ਦੱਸਿਆ 'ਤੇ ਕਿਹਾ ਕਿ ਉਨ੍ਹਾਂ ਦੀ ਪ੍ਰੇਰਨਾ ਨਾਲ ਹੀ ਉਹ ਇਹ ਸੇਵਾ ਨਿਭਾਉਣ ਵਿਚ ਸਫਲ ਹੋਏ ਹਨ।

ਮਨਦੀਪ ਕੌਰ ਨੇ ਸਹਾਇਕ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

ਮਲੇਰਕੋਟਲਾ, 4 ਮਈ (ਬਲਜੀਤ ਸਿੰਘ ਟਿੱਬਾ) : ਪਦਉੱਨਤੀ ਉਪਰੰਤ ਮਨਦੀਪ ਕੌਰ ਵੱਲੋਂ ਸਹਾਇਕ ਕਮਿਸ਼ਨਰ, ਮਾਲੇਰਕੋਟਲਾ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਗਿਆ ਹੈ। ਇਸ ਤੋਂ ਪਹਿਲਾਂ ਉਹ ਜ਼ਿਲ੍ਹਾ ਮਾਲ ਅਫਸਰ, ਮਾਲੇਰਕੋਟਲਾ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਸਨ। ਆਪਣੀ ਨਵੀਂ ਜ਼ਿੰਮੇਵਾਰੀ ਸੰਭਾਲਦੇ ਹੋਏ ਮਨਦੀਪ ਕੌਰ ਨੇ ਕਿਹਾ ਕਿ ਉਹ ਆਪਣੀ ਜਿੰਮੇਵਾਰੀ



ਪੂਰੀ ਨਿਸ਼ਠਾ ਨਾਲ ਨਿਭਾਉਣਗੇ ਅਤੇ ਉਹ ਲੋਕਾਂ ਨੂੰ ਬਿਹਤਰ ਪ੍ਰਸ਼ਾਸਕੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹਨ। ਉਨ੍ਹਾਂ ਕਿਹਾ ਕਿ ਲੋਕ-ਹਿੱਤ ਨੂੰ ਪਹਿਲ ਦੇਣ ਦੇ ਨਾਲ ਨਾਲ ਦਫ਼ਤਰੀ ਕੰਮਕਾਜ ਵਿੱਚ ਪਾਰਦਰਸ਼ਤਾ ਅਤੇ ਤੇਜ਼ੀ ਯਕੀਨੀ ਬਣਾਉਣੀ ਉਨ੍ਹਾਂ ਦੀ ਤਰਜੀਹ ਰਹੇਗੀ। ਉਨ੍ਹਾਂ ਨੇ ਅੱਗੇ ਕਿਹਾ ਕਿ ਉਹ ਆਪਣੇ ਸਾਥੀ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਸਹਿਯੋਗ ਨਾਲ ਸਰਕਾਰੀ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਯਤਨਸ਼ੀਲ ਰਹਿਣਗੇ, ਤਾਂ ਜੋ ਆਮ ਜਨਤਾ ਨੂੰ ਇਨ੍ਹਾਂ ਯੋਜਨਾਵਾਂ ਦਾ ਪੂਰਾ ਲਾਭ ਮਿਲ ਸਕੇ ਅਤੇ ਲੋਕਾਂ



ਪਟਿਆਲਾ-ਆਸ/ਪਾਸ



ਕਣਕ ਦੀ ਧੀਮੀ ਲਿਫਟਿੰਗ ਹੋਣ ਕਾਰਨ ਆੜ੍ਹਤੀ ਤੇ ਮਜ਼ਦੂਰ ਪ੍ਰੇਸ਼ਾਨ



ਸਮਾਣਾ, 4 ਮਈ (ਵਿਜੇ ਕੁਮਾਰ) : ਲਿਫਟਿੰਗ ਦੀ ਧੀਮੀ ਚਾਲ ਕਾਰਨ ਸਮਾਣਾ ਦੀ ਅਨਾਜ ਮੰਡੀ ਵਿੱਚ ਕਣਕ ਦੀਆਂ ਭਰੀਆਂ ਬੋਰੀਆਂ ਦੀ ਅੰਬਾਰ ਲੱਗੇ ਪਏ ਹਨ, ਜਦੋਂਕਿ ਮੌਸਮ ਵਿਭਾਗ ਵੱਲੋਂ ਆਗਾਮੀ ਦਿਨਾਂ 'ਚ ਲਗਾਤਾਰ ਮੀਹ ਪੈਣ ਦੀ ਭਵਿੱਖਬਾਣੀ ਕੀਤੀ ਜਾ ਰਹੀ ਹੈ। ਪ੍ਰਸ਼ਾਸਨਿਕ ਅਧਿਕਾਰੀ ਇਸ ਮਸਲੇ ਦਾ ਹੱਲ ਕਰਨ ਵੱਲ ਕੋਈ ਧਿਆਨ ਨਹੀਂ ਦੇ ਰਹੇ। ਜਾਣਕਾਰੀ ਦਿੰਦਿਆਂ ਆੜਤੀ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਤਰਸੇਮ ਗੋਇਲ ਨੇ ਦੱਸਿਆ ਕਿ ਸਰਕਾਰੀ ਹਦਾਇਤਾਂ ਅਨੁਸਾਰ ਖਰੀਦ ਏਜੰਸੀਆਂ ਵੱਲੋਂ ਖਰੀਦੀ ਕਣਕ ਦੀ ਲਿਫਟਿੰਗ 72 ਘੰਟੇ ਵਿੱਚ ਕਰਨੀ ਹੁੰਦੀ ਹੈ, ਪਰ 15 ਦਿਨ ਪਹਿਲਾਂ ਖਰੀਦੀ ਕਣਕ ਦੀ ਅੱਜ ਤੱਕ ਲਿਫਟਿੰਗ ਨਹੀਂ ਹੋਈ, ਜਿਸ ਕਰਕੇ ਬੋਰੀਆਂ ਵਿੱਚ ਭਰੀ ਕਣਕ ਦਾ ਵਜਨ ਕਾਫੀ ਘਟਣ ਦੇ ਨਾਲ- ਨਾਲ ਮੰਡੀ ਵਿੱਚੋਂ ਕਣਕ ਦੀਆਂ ਬੋਰੀਆਂ ਚੋਰੀ ਵੀ ਹੋ ਰਹੀਆਂ ਹਨ ਅਤੇ ਲਿਫਟਿੰਗ ਹੋਏ ਮਾਲ ਦੀ ਖਰੀਦ ਏਜੰਸੀਆਂ ਵੱਲੋਂ ਕਣਕ ਦਾ ਵਜਨ ਘਟਣ ਕਰਕੇ ਪਹੁੰਚ ਵੀ ਨਹੀਂ ਦਿੱਤੀ ਜਾ ਰਹੀ। ਉਹਨਾਂ ਅੱਗੇ ਦੱਸਿਆ ਕਿ ਸਰਕਾਰ ਵੱਲੋਂ 12 ਫੀਸਦੀ ਨਮੀ ਵਾਲੀ ਕਣਕ ਦੀ ਖਰੀਦ ਕੀਤੀ ਗਈ ਹੈ, ਜੋ ਹੁਣ ਘੱਟ ਕੇ ਨੌਂ ਤੋਂ 10 ਫੀਸਦੀ ਰਹਿ ਗਈ ਹੈ, ਜਿਸ ਕਾਰਨ ਇਹ ਸਾਰਾ ਘਾਟਾ ਆੜਤੀਆਂ ਨੂੰ ਭਰਨ ਲਈ ਖਰੀਦ ਏਜੰਸੀਆਂ ਵੱਲੋਂ ਮਜਬੂਰ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਆੜਤੀਆਂ ਨੂੰ ਇਹ ਘਾਟਾ ਭਰਨਾ ਪਿਆ ਤਾਂ ਪਹਿਲਾਂ ਤੋਂ ਹੀ ਸਰਕਾਰ ਵੱਲੋਂ ਆੜਤੀਆਂ ਨੂੰ ਘੱਟ ਮਿਲਦੀ ਆੜਤ ਹੋਰ ਘੱਟ ਜਾਵੇਗੀ। ਇਸ ਸਬੰਧੀ ਮਾਰਕੀਟ ਕਮੇਟੀ ਸਕੱਤਰ ਜਤਿੰਦਰ ਕੁਮਾਰ ਨੇ ਦੱਸਿਆ ਕਿ 11 ਲੱਖ ਤੋਂ ਵੱਧ ਬੋਰੀ ਦੀ ਵੱਖ-ਵੱਖ ਖਰੀਦ ਏਜੰਸੀਆਂ ਨੇ ਕਣਕ ਦੀ ਖਰੀਦ ਕੀਤੀ ਹੈ, ਜਿਸ ਵਿੱਚੋਂ 50 ਫੀਸਦੀ ਲਿਫਟਿੰਗ ਹੋ ਚੁੱਕੀ ਹੈ। ਖਰੀਦ ਏਜੰਸੀਆਂ ਨੂੰ ਜਲਦੀ ਲਿਫਟਿੰਗ ਕਰਨ ਲਈ ਨੋਟਿਸ ਕੱਢੇ ਗਏ ਹਨ।

ਨਸ਼ੇ ਦਾ ਸੇਵਨ ਕਰਨ ਦੇ ਵੱਖ-ਵੱਖ ਮਾਮਲੇ ਦਰਜ

ਪਟਿਆਲਾ, 4 ਮਈ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪੁਲਿਸ ਨੇ ਕਥਿਤ ਦੋਸ਼ੀ ਅਭੀਸ਼ੇਕ ਕੁਮਾਰ ਵਾਸੀ ਅਸਟੇਟ ਪਟਿਆਲਾ ਵਿਰੁੱਧ ਧਾਰਾ 27, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਗੁਰਬਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਸਾਧੂ ਬੈਲਾ ਰੋਡ ਫੇਸ-4 ਅਰਬਨ ਅਸਟੇਟ ਪਾਸ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ ਦੋਸ਼ੀ ਪਾਸੋਂ ਅੱਧਾ ਜਲਿਆ ਸਿਲਵਰ, ਫੋਇਲ ਪੇਪਰ, ਅੱਗ ਜਲਾਉਣ ਵਾਲਾ ਲਾਇਟਰ, ਅਤੇ ਧੂੰਏ ਵਾਲਾ 10 ਰੁਪਏ ਦਾ ਕਰੰਸੀ ਨੋਟ ਬ੍ਰਾਮਦ ਹੋਇਆ। ਇਸੇ ਤਰ੍ਹਾਂ ਥਾਣਾ ਅਨਾਜ ਮੰਡੀ ਪੁਲਿਸ ਨੇ ਕਥਿਤ ਦੋਸ਼ੀ ਸੁਨੀਲ ਵਾਸੀ ਭਾਰਤ ਨਗਰ ਪਟਿਆਲਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਏਐਸਆਈ ਵਿਵੇਕ ਸਰਮਾ ਸਮੇਤ ਪੁਲਿਸ ਪਾਰਟੀ ਬੈਨਾ ਰੋਡ ਰੇਲਵੇ ਰੋਡ ਪਾਸ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ ਉਸਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ, ਜੋ ਡੋਪ ਟੈਸਟ ਕਰਾਉਣ ਪਰ ਪਾਜ਼ੀਟਿਵ ਆਇਆ।

ਪੁਲਿਸ ਨੇ ਅੰਨੇ ਕਤਲ ਦਾ ਮਾਮਲਾ ਸੁਲਝਾਇਆ, ਦੋ ਗ੍ਰਿਫ਼ਤਾਰ



ਮਲੇਰਕੋਟਲਾ, 4 ਮਈ (ਬਲਜੀਤ ਸਿੰਘ ਟਿੱਬਾ) : ਸੀਨੀਅਰ ਕਪਤਾਨ ਪੁਲਿਸ ਗਗਨ ਅਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾੜੇ ਅਨਸਰਾਂ ਖਿਲਾਫ ਚਲਾਈ ਮੁਹਿੰਮ ਵਿੱਚ ਜ਼ਿਲ੍ਹਾ ਪੁਲਿਸ ਨੂੰ ਵੱਡੀ ਸਫਲਤਾ ਹਾਸਲ ਹੋਈ। ਉਨ੍ਹਾਂ ਦੱਸਿਆ ਕਿ ਦੀਪਿੰਦਰਪਾਲ ਸਿੰਘ ਉਪ ਕਪਤਾਨ ਇਨਵੈਸ਼ਟੀਗੇਸ਼ਨ ਅਤੇ ਉਪ ਕਪਤਾਨ ਪੁਲਿਸ ਸਬ ਡਿਵੀਜ਼ਨ ਅਹਿਮਦਗੜ੍ਹ ਦੀ ਸੁਖਦੇਵ ਸਿੰਘ ਨਿਗਰਾਨੀ ਹੇਠ ਮੁੱਖ ਅਫਸਰ ਥਾਣਾ ਸਦਰ ਅਹਿਮਦਗੜ੍ਹ ਇੰਸਪੈਕਟਰ ਗੁਰਪ੍ਰੀਤ ਕੌਰ ਵੱਲੋਂ ਕਤਲ ਦੀ ਗੁੱਥੀ ਸੁਲਝਾਉਂਦਿਆਂ ਦੋ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਐੱਸ.ਐੱਸ.ਪੀ ਨੇ ਦੱਸਿਆ ਕਿ ਸੁਖਜੀਤ ਕੌਰ ਪਤਨੀ ਸੁਰਜੀਤ ਸਿੰਘ ਵਾਸੀ ਸਰੰਦ ਵੱਲੋਂ ਥਾਣਾ ਹਾਜ਼ਰ ਹੋ ਕੇ ਆਪਣੇ ਪਤੀ ਸੁਰਜੀਤ ਸਿੰਘ ਦੇ ਲਾਪਤਾ ਹੋਣ ਸਬੰਧੀ ਸੂਚਨਾ ਦਿੱਤੀ ਗਈ ਸੀ। ਇਸ ਸਬੰਧੀ ਥਾਣਾ ਸਦਰ ਅਹਿਮਦਗੜ੍ਹ ਦੀ ਪੁਲਿਸ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਸੁਖਜੀਤ ਕੌਰ ਦੇ ਬਿਆਨ 'ਤੇ ਮੁਕੱਦਮਾ ਨੰਬਰ 63 ਅਧੀਨ ਧਾਰਾ 127(6) ਬੀ.ਐਨ.ਐਸ. ਤਹਿਤ ਅਣਪਛਾਤੇ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਕੇ ਜਾਂਚ ਸ਼ੁਰੂ ਕੀਤੀ ਗਈ। ਇਸ ਚੈਕਿੰਗ ਦੌਰਾਨ ਤਕਨੀਕੀ ਸਬੂਤ ਇਕੱਠੇ ਕਰਦੇ ਹੋਏ ਅਤੇ ਮੌਕੇ ਦੇ ਆਸ-ਪਾਸ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਦੀ ਜਾਂਚ ਕੀਤੀ ਗਈ। ਇਸ ਦੇ ਆਧਾਰ 'ਤੇ ਸ਼ੱਕੀ ਵਿਅਕਤੀਆਂ ਪਰਮਜੀਤ ਕੌਰ ਅਤੇ ਹਰਪ੍ਰੀਤ ਸਿੰਘ ਵਾਸੀ ਸਰੰਦ ਨੂੰ ਜਾਂਚ ਵਿੱਚ ਸ਼ਾਮਲ ਕਰਕੇ ਪੁੱਛਗਿੱਛ ਕੀਤੀ ਗਈ। ਪੁੱਛਗਿੱਛ ਦੌਰਾਨ ਸੁਰਜੀਤ ਸਿੰਘ ਦੇ ਪਰਮਜੀਤ ਕੌਰ ਨਾਲ ਨਾਜਾਇਜ਼ ਸਬੰਧਾਂ ਦਾ ਮਸਲਾ ਸਾਹਮਣੇ ਆਇਆ। ਪੁਲਿਸ ਮੁਤਾਬਿਕ ਸੁਰਜੀਤ ਸਿੰਘ ਉਸਨੂੰ ਮਿਲਣ ਲਈ ਉਸਦੇ ਘਰ ਗਿਆ ਸੀ, ਜਿੱਥੇ ਪਰਮਜੀਤ ਕੌਰ ਦੇ ਪਤੀ ਹਰਪ੍ਰੀਤ ਸਿੰਘ ਨੇ ਦੋਨਾਂ ਨੂੰ ਇਕੱਠੇ ਦੇਖ ਲਿਆ। ਇਸ ਤੋਂ ਬਾਅਦ ਹਰਪ੍ਰੀਤ ਸਿੰਘ ਨੇ ਆਪਣੀ ਪਤਨੀ ਦੀ ਮਦਦ ਨਾਲ ਸੁਰਜੀਤ ਸਿੰਘ ਦੇ ਸਿਰ ਵਿੱਚ ਲੋਹੇ ਦੀ ਰਾਡ ਮਾਰ ਕੇ ਉਸਦਾ ਕਤਲ ਕਰ ਦਿੱਤਾ ਅਤੇ ਲਾਸ਼ ਨੂੰ ਬੋਰੀ ਵਿੱਚ ਪਾ ਕੇ ਸਕੂਟਰ ਦੇ ਪਿੱਛੇ ਰੱਖ ਕੇ ਪਿੰਡ ਮੰਡਿਆਲਾ ਤੋਂ ਰਾਣਵਾਂ ਨੂੰ ਜਾਣ ਵਾਲੀ ਸੜਕ 'ਤੇ ਡਰੇਨ ਪੁਲ ਨੇੜੇ ਸੁੱਟ ਦਿੱਤਾ। ਉਪਰੋਕਤ ਤੱਥਾਂ ਦੇ ਆਧਾਰ ਮੁਕੱਦਮੇ ਵਿੱਚ ਧਾਰਾਵਾਂ 103(1), 238, 62, 3(5) ਬੀ.ਐਨ.ਐਸ. ਦਾ ਵਾਧਾ ਕੀਤਾ ਗਿਆ ਅਤੇ ਦੋਸ਼ੀਆਂ ਪਰਮਜੀਤ ਕੌਰ ਅਤੇ ਉਸਦੇ ਪਤੀ ਹਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਜਾਂਚ ਦੌਰਾਨ ਦੋਸ਼ੀ ਹਰਪ੍ਰੀਤ ਸਿੰਘ ਦੀ ਨਿਸ਼ਾਨਦੇਹੀ 'ਤੇ ਕਤਲ ਲਈ ਵਰਤੀ ਗਈ ਲੋਹੇ ਦੀ ਰਾਡ, ਸਕੂਟਰ ਅਤੇ ਮ੍ਰਿਤਕ ਦਾ ਟੁੱਟਿਆ ਹੋਇਆ ਮੋਬਾਈਲ ਫੋਨ ਸਮੇਤ ਸਿੰਮ ਕਾਰਡ ਬਰਾਮਦ ਕਰਕੇ ਪੁਲਿਸ ਕਬਜ਼ੇ ਵਿੱਚ ਲਿਆ ਗਿਆ। ਪੁਲਿਸ ਵੱਲੋਂ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ 3 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ ਅਤੇ ਹੋਰ ਗਹਿਰਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ।

ਐਸ.ਡੀ.ਐੱਮ. ਰਿਚਾ ਗੋਇਲ ਵੱਲੋਂ ਜਨਗਣਨਾ 'ਚ ਸਹਿਯੋਗ ਦੇਣ ਦੀ ਅਪੀਲ



ਸਮਾਣਾ, 4 ਮਈ (ਵਿਜੇ ਕੁਮਾਰ) : ਉਪ ਮੰਡਲ ਮੈਜਿਸਟਰੇਟ ਕਮ ਐਸ.ਡੀ.ਐੱਮ. ਰਿਚਾ ਗੋਇਲ ਨੇ ਸਬ ਡਵੀਜ਼ਨ ਵਾਸੀਆਂ ਨੂੰ ਜਨਗਣਨਾ-2027 ਵਿੱਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਪੂਰਾ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਜਨਗਣਨਾ ਰਾਸ਼ਟਰੀ ਮਹੱਤਵਪੂਰਨ ਕਾਰਜ ਹੈ, ਜਿਸ ਰਾਹੀਂ ਸਰਕਾਰ ਵੱਖ-ਵੱਖ ਯੋਜਨਾਵਾਂ ਲਈ ਆਧਾਰ ਤਿਆਰ ਹੁੰਦਾ ਹੈ। ਰਿਚਾ ਗੋਇਲ ਨੇ ਕਿਹਾ ਕਿ ਨਾਗਰਿਕਾਂ ਨੂੰ ਆਪਣੀ ਸਹੀ ਅਤੇ ਪੂਰੀ ਜਾਣਕਾਰੀ ਮੁਹੱਈਆ ਕਰਵਾਉਣੀ ਚਾਹੀਦੀ ਹੈ, ਤਾਂ ਜੋ ਗਣਨਾ ਸਫਲ ਬਣਾਈ ਜਾ ਸਕੇ। ਉਨ੍ਹਾਂ ਲੋਕਾਂ ਨੂੰ ਗਣਨਾ ਅਧਿਕਾਰੀਆਂ ਨਾਲ ਸਹਿਯੋਗ ਕਰਨ ਅਤੇ ਘਰਾਂ ਵਿਚ ਉਨ੍ਹਾਂ ਨੂੰ ਆਸਾਨੀ ਨਾਲ ਆਉਣ ਦੀ ਤਾਕੀਦ ਕੀਤੀ। ਉਨ੍ਹਾਂ ਲੋਕਾਂ ਨੂੰ ਜਾਗਰੂਕ ਕਰਦਿਆਂ ਦੱਸਿਆ ਕਿ ਇਹ ਕਾਰਜ 14 ਮਈ ਤੋਂ 13 ਜੂਨ ਤੱਕ ਕੀਤਾ ਜਾਵੇਗਾ, ਜਿਸ ਵਿੱਚ ਜਨਗਣਨਾ ਅਧਿਕਾਰੀ ਲੋਕਾਂ ਦੇ ਘਰਾਂ ਵਿਚ ਜਾ ਕੇ 35 ਸਵਾਲਾਂ ਵਾਲਾ ਫਾਰਮ ਭਰਨਗੇ। ਇਹ ਫਾਰਮ ਆਨ ਲਾਈਨ ਵੀ ਭਰਿਆ ਜਾ ਸਕਦਾ ਹੈ।

ਭਾਜਪਾ ਦੀ ਹੋਈ ਜਿੱਤ ਤੋਂ ਬਾਅਦ ਪਾਤੜਾਂ 'ਚ ਭਾਜਪਾ ਆਗੂਆਂ ਨੇ ਵੰਡੇ ਲੱਡੂ



ਪਾਤੜਾਂ, 4 ਮਈ (ਹਰਮਿੰਦਰ ਕਰਤਾਰਪੁਰ): ਦੇਸ਼ ਦੇ ਤਿੰਨ ਰਾਜਾਂ ਪੱਛਮੀ ਬੰਗਾਲ,ਅਸਾਮ ਅਤੇ ਪੁਡੂਚੇਰੀ 'ਚ ਭਾਜਪਾ ਦੀ ਸਰਕਾਰ ਬਣਨ ਦੀ ਖੁਸ਼ੀ ਵਿੱਚ ਵਿਧਾਨ ਸਭਾ ਹਲਕਾ ਸ਼ੁਤਰਾਣਾ ਭਾਜਪਾ ਦੇ ਆਗੂਆਂ ਵੱਲੋਂ ਭਗਤ ਸਿੰਘ ਚੌਕ ਪਾਤੜਾਂ 'ਚ ਇਕੱਤਰ ਹੋ ਕੇ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ।ਇਸ ਮੌਕੇ ਹਲਕਾ ਸ਼ੁਤਰਾਣਾ ਭਾਜਪਾ ਦੇ ਇੰਚਾਰਜ ਨਰਾਇਣ ਸਿੰਘ ਨਰਸੋਤ , ਬਾਬੂ ਕੀਮਤ ਲਾਲ ਸਿੰਗਲਾ, ਬਾਬੂ ਤਰਸੇਮ ਬਾਂਸਲ, ਸਤੀਸ਼ ਕੁਮਾਰ ਗਰਗ, ਸਾਬਕਾ ਚੇਅਰਮੈਨ ਤਰਲੋਚਨ ਸਿੰਘ ਸ਼ੇਰਗੜ ਅਤੇ ਰਮੇਸ਼ ਕੁਮਾਰ ਕੁੱਕੂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਅਗਵਾਈ 'ਚ ਸਮੁੱਚੇ ਦੇਸ਼ ਵਿੱਚ ਭਾਜਪਾ ਦੀ ਲਹਿਰ ਚੱਲ ਰਹੀ ਹੈ, ਜਿਸ ਦੇ ਚੱਲਦਿਆਂ ਪੱਛਮੀ ਬੰਗਾਲ, ਅਸਾਮ, ਅਤੇ ਪੁਡੂਚੇਰੀ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਵੱਲੋਂ ਬੰਪਰ ਜਿੱਤ ਦਰਜ ਕੀਤੀ ਗਈ ਹੈ। ਭਾਜਪਾ ਆਗੂਆਂ ਨੇ ਕਿਹਾ ਕਿ ਪੱਛਮੀ ਬੰਗਾਲ ਤੋਂ ਬਾਅਦ ਹੁਣ ਪੰਜਾਬ ਸਮੇਤ ਦੂਸਰੇ ਰਾਜਾਂ ਵਿੱਚ ਹੋਣ ਵਾਲੀਆਂ ਚੋਣਾਂ ਵਿੱਚ ਭਾਜਪਾ ਸ਼ਾਨਦਾਰ ਜਿੱਤ ਦਰਜ ਕਰੇਗੀ। ਇਸ ਮੌਕੇ ਮੁਖਤਿਆਰ ਸਿੰਘ ਮੋਖਾ ਸੂਬਾ ਕਾਰਜਕਾਰੀ ਮੈਂਬਰ, ਨਰਿੰਕਾਰ ਸਿੰਘ ਸੈਂਥੂ ਸ਼ੁਤਰਾਣਾ,ਲਾਲ ਚੰਦ ਲਾਲੀ ਜ਼ਿਲ੍ਹਾ ਜਨਰਲ ਸਕੱਤਰ, ਬਗੀਚਾ ਸਿੰਘ ਦੁਤਾਲ ਜਿਲਾ ਵਾਇਸ ਪ੍ਰਧਾਨ ਭਾਜਪਾ, ਕੇ ਮਲਹੋਤਰਾ, ਪ੍ਰਸ਼ੋਤਮ ਸਿੰਗਲਾ ਸਟੇਟ ਵਾਇਸ ਕਨਵੀਨਰ ਟਰਾਂਸਪੋਰਟ ਸੈਲ, ਗਿਆਨ ਸਿੰਘ ਧਾਲੀਵਾਲ, ਸਰਦੂਲ ਸਿੰਘ ਸੈਂਥੂ, ਜੀਵਨ ਗੋਇਲ,ਪਵਨ ਗੋਇਲ, ਵਿਜੈ ਗਰਗ, ਕ੍ਰਿਸ਼ਨ ਗੋਪਾਲ, ਰਾਜਕੁਮਾਰ ਸਾਬਕਾ ਪੁਲਸ ਅਧਿਕਾਰੀ, ਨਰਿੰਦਰ ਬੌਕਸਰ, ਸ਼ਾਮ ਲਾਲ ਗਰਗ,ਜਾਨਪਾਲ ਸਿੰਘ, ਜਸਵਿੰਦਰ ਸਿੰਘ ਸੋਖੋਂ,ਅਮਰੀਕ ਸਿੰਘ, ਲਾਡੀ ਸਿੰਘ,ਬਾਸੂ ਸਿੰਘ, ਵਿਜੈ ਪਤਲੀ, ਸੁਭਾਸ਼ ਹਮਝੇੜੀ,ਜਗਦੀਪ ਸ਼ਰਮਾ, ਰਾਜੀਵ ਸ਼ਰਮਾ, ਸੁਰੇਸ਼ ਕੁਮਾਰ,ਕਰਨ ਸਿੰਘ ਵੜੈਚ, ਜੋਗਿੰਦਰ ਸਿੰਘ,ਮੋਨੂ ਕੁਮਾਰ, ਸੁਰੇਸ਼ ਕੁਮਾਰ ਜੀ, ਜੱਸਾ ਸਿੰਘ,ਡਾ ਸਤਨਾਮ ਸਿੰਘ, ਸਨੀ ਗਰਗ ਠੇਲੂ,ਮਨੀਸ਼ ਕੁਮਾਰ, ਸੰਜੇ ਜੈਨ, ਪ੍ਰੇਮ ਚੰਦ ਕਾਲਾ, ਵਿਜੈ ਕੁਮਾਰ ਮਿੱਠਾ, ਡਾ ਜਸਪਾਲ,ਰਾਜੂ ਸਾਬਕਾ ਐਮ ਸੀ, ਸੁਬੇਗ ਸਿੰਘ, ਸੁਭਾਸ਼ ਗੋਇਲ, ਤਰਸੇਮ ਚੰਦ ਡਿਸਕੋ ਆਦਿ ਪ੍ਰਮੁੱਖ ਤੌਰ 'ਤੇ ਹਾਜ਼ਰ ਸਨ।

ਭਾਜਪਾ ਵਰਕਰਾਂ ਨੇ ਜਿੱਤ ਦੀ ਖੁਸ਼ੀ 'ਚ ਵੰਡੇ ਲੱਡੂ



ਸਮਾਣਾ, 4 ਮਈ (ਵਿਜੇ ਕੁਮਾਰ/ਜਵੰਦਾ) : ਦੇਸ਼ ਦੇ ਪੰਜ ਰਾਜਾਂ 'ਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਅੱਜ ਆਏ ਨਤੀਜਿਆਂ 'ਚ ਭਾਜਪਾ ਤੇ ਐਨ.ਡੀ.ਏ ਦੀਆਂ ਚਾਰ ਰਾਜਾ 'ਚ ਬਣਨ ਜਾ ਰਹੀਆਂ ਸਰਕਾਰਾਂ ਦੀ ਖੁਸ਼ੀ 'ਚ ਸਮਾਣਾ ਦੇ ਭਾਜਪਾ ਵਰਕਰਾਂ ਨੇ ਢੋਲ ਵਜਾ ਕੇ ਲੱਡੂ ਵੰਡੇ। ਇਸ ਮੌਕੇ ਬੁਲਾਰਿਆਂ ਨੇ ਭਾਜਪਾ ਦੇ ਸੀਨੀਅਰ ਆਗੂਆਂ ਨੂੰ ਜਿੱਤ ਦੀ ਖੁਸ਼ੀ ਵਿੱਚ ਵਧਾਈ ਦਿੰਦਿਆਂ ਕਿਹਾ ਕਿ ਇਹ ਸਾਡੇ ਸੀਨੀਅਰ ਆਗੂਆਂ ਦੀ ਮਿਹਨਤ ਤੇ ਤਜਰਬਿਆਂ ਕਾਰਨ ਹੀ ਪੱਛਮੀ ਬੰਗਾਲ, ਤਾਮਿਲਨਾਡੂ, ਆਸਾਮ ਤੇ ਪਾਂਡੀਚੇਰੀ ਵਿੱਚ ਭਾਜਪਾ ਤੇ ਐਨ.ਡੀ.ਏ ਦਾ ਝੰਡਾ ਲਹਿਰਾਇਆ ਜਾਵੇਗਾ। ਇਸ ਮੌਕੇ ਮੰਡਲ ਪ੍ਰਧਾਨ ਯਤਿੰਦਰ ਸ਼ਰਮਾ, ਪ੍ਰਿੰਸੀਪਲ ਮੋਹਨ ਲਾਲ ਸ਼ਰਮਾ, ਪ੍ਰਦਮਨ ਸਿੰਘ ਵਿਰਕ, ਮਨੀਸ਼ ਰੌਂਕੀ, ਨੀਰਜ ਜਿੰਦਲ, ਬਾਰੂਰਾਮ ਗੋਇਲ, ਜਨਕ ਜਿੰਦਲ, ਪ੍ਰਕਾਸ਼ਿਤ ਪਾਠਕ, ਪਵਨ ਘੱਗਾ, ਗੁਰਪ੍ਰੀਤ ਮਾਜਰੀ, ਇਸ਼ੂ ਵਧਵਾ, ਅਰੁਣ ਕੁਮਾਰ, ਦਿਨੇਸ਼ ਜੈਨ,ਦਮਨ ਭੱਲਾ, ਵਿਕਾਸ ਸ਼ਰਮਾ,ਸਾਹਿਲ ਗੋਇਲ, ਸੰਜੀਵ ਗਰਗ ਤੋਂ ਇਲਾਵਾ ਹੋਰ ਵੀ ਵਰਕਰ ਹਾਜ਼ਰ ਸਨ।

ਬੋਲੜ ਕਲਾਂ ਵਿਖੇ ਰਣਜੋਧ ਸਿੰਘ ਹਡਾਣਾ ਵੱਲੋਂ 24 ਲੱਖ ਦੀ ਲਾਗਤ ਨਾਲ ਬਣੇ ਖੇਡ ਮੈਦਾਨ ਦਾ ਉਦਘਾਟਨ



ਦੇਵੀਗੜ੍ਹ, 4 ਮਈ (ਗੁਰਜੀਤ ਸਿੰਘ ਢੋਟ) : ਹਲਕਾ ਸਨੌਰ ਵਿੱਚ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਹਲਕਾ ਇੰਚਾਰਜ ਅਤੇ ਚੇਅਰਮੈਨ ਸਰਦਾਰ ਰਣਜੋਧ ਸਿੰਘ ਹਡਾਣਾ ਵੱਲੋਂ ਅੱਜ ਪਿੰਡ ਬੋਲੜ ਕਲਾਂ ਵਿਖੇ ਸਰਕਾਰੀ ਸਕੂਲ ਵਿੱਚ 24 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਆਧੁਨਿਕ ਖੇਡ ਗਰਾਊਂਡ ਦਾ ਉਦਘਾਟਨ ਕੀਤਾ ਗਿਆ। ਦੱਸ ਦੇਈਏ ਕਿ ਇਸ ਖੇਡ ਮੈਦਾਨ ਦੇ ਬਣਨ ਨਾਲ ਸਕੂਲ ਦੇ ਵਿਦਿਆਰਥੀਆਂ ਅਤੇ ਇਲਾਕੇ ਦੇ ਨੌਜਵਾਨਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਇਸ ਮੌਕੇ ਸਰਪੰਚ ਮੀਨੂੰ, ਪ੍ਰਦੀਪ ਜੋਸਨ ਪ੍ਰਧਾਨ ਨਗਰ ਕੌਂਸਲ ਸਨੌਰ, ਚੇਅਰਮੈਨ ਹੈਪੀ ਪਹਾੜੀਪੁਰ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਘੁਮਾਣ, ਸਹਾਇਕ ਡਾਇਰੈਕਟਰ ਹਰਨੇਕ ਸਿੰਘ, ਸ਼ਾਮ ਸਿੰਘ ਸਨੌਰ, ਮਲਕੀਤ ਸਿੰਘ ਬੋਲੜ ਵਿਸ਼ੇਸ਼ ਤੌਰ ਤੇ ਮੌਜੂਦ ਸਨ। ਉਦਘਾਟਨ ਮੌਕੇ ਸੰਬੋਧਨ ਕਰਦਿਆਂ ਸ. ਹਡਾਣਾ ਨੇ ਦੱਸਿਆ ਕਿ ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਪੰਜਾਬ ਵੱਲੋਂ ਸੂਬੇ ਵਿੱਚ ਕੁੱਲ 3100 ਖੇਡ ਮੈਦਾਨ ਉਸਾਰੇ ਜਾ

ਅਕਾਲੀ ਦਲ ਦੇ ਦਾਅਵੇ ਸਰਾਸਰ ਗ਼ਲਤ : ਵਿਧਾਇਕਾ ਸਰਬਜੀਤ ਕੌਰ ਮਾਣੂੰਕੇ



ਜਗਰਾਓਂ, 4 ਮਈ (ਵਿਸ਼ਾਲ ਅੱਤਰੇ ਆਰੀਅਨ ਅੱਤਰੇ): ਜਗਰਾਓਂ ਤੋਂ ਵਿਧਾਇਕਾ ਸਰਬਜੀਤ ਕੌਰ ਮਾਣੂੰਕੇ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੀਤੇ ਜਾ ਰਹੇ ਦਾਅਵਿਆਂ ਨੂੰ ਪੂਰੀ ਤਰ੍ਹਾਂ ਖਾਰਜ ਕਰਦਿਆਂ ਉਨ੍ਹਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਿੰਡ ਕੋਠੇ ਅੱਠ ਵਿੱਚ ਹੋਈ ਇਕੱਤਰਤਾ ਸਬੰਧੀ ਅਕਾਲੀ ਦਲ ਵੱਲੋਂ ਇਹ ਦਾਅਵਾ ਕੀਤਾ ਗਿਆ ਹੈ ਕਿ ਆਮ ਆਦਮੀ ਪਾਰਟੀ ਦੇ ਵਰਕਰ ਪਾਰਟੀ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋਏ ਹਨ, ਜੋ ਕਿ ਸਰਾਸਰ ਗਲਤ ਹੈ।ਮਾਣੂੰਕੇ ਨੇ ਕਿਹਾ ਕਿ ਇਕੱਠ ਵਿੱਚ ਨਜ਼ਰ ਆ ਰਹੇ ਲੋਕ ਪਹਿਲਾਂ ਤੋਂ ਹੀ ਅਕਾਲੀ ਦਲ ਨਾਲ ਸਬੰਧਤ ਹਨ ਅਤੇ ਆਪਣੇ ਹੀ ਵਰਕਰਾਂ ਨੂੰ ਸਿਰੋਪਾਓ ਪਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਸ ਤਰ੍ਹਾਂ ਝੂਠੇ ਦਾਅਵੇ ਕਰਕੇ ਸਿਆਸੀ ਲਾਭ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਪਰ ਜਨਤਾ ਹੁਣ ਅਜਿਹੀਆਂ ਚਾਲਾਂ ਨੂੰ ਚੰਗੀ ਤਰ੍ਹਾਂ ਸਮਝਦੀ ਹੈ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਰਕਰ ਪੂਰੀ ਤਰ੍ਹਾਂ ਇੱਕਜੁੱਟ ਹਨ ਅਤੇ ਪਾਰਟੀ ਦੀਆਂ ਨੀਤੀਆਂ ਨਾਲ ਡਟੇ ਹੋਏ ਹਨ। ਉਨ੍ਹਾਂ ਅਕਾਲੀ ਦਲ ਨੂੰ ਅਪੀਲ ਕੀਤੀ ਕਿ ਝੂਠੇ ਪ੍ਰਚਾਰ ਦੀ ਬਜਾਏ ਲੋਕਾਂ ਦੇ ਅਸਲ ਮੁੱਦਿਆਂ 'ਤੇ ਧਿਆਨ ਦਿੱਤਾ ਜਾਵੇ।ਇਸ ਮੌਕੇ ਬਲਾਕ ਪ੍ਰਧਾਨ ਜਸਵਿੰਦਰ ਸਿੰਘ, ਬਲਾਕ ਸੰਮਤੀ ਮੈਂਬਰ ਜਗਮੇਲ ਸਿੰਘ, ਸਰਪੰਚ ਅਸ਼ੋਕ ਕੁਮਾਰ, ਆਪ ਯੂਥ ਆਗੂ ਸੁਖਵਿੰਦਰ ਸਿੰਘ ਕਾਕਾ, ਆਪ ਆਗੂ ਕੁਲਵਿੰਦਰ ਸਿੰਘ ਕਾਲਾ, ਪੰਚਾਇਤ ਮੈਂਬਰ ਸੰਜੇ ਕੁਮਾਰ, ਸਰਪੰਚ ਬਲਜਿੰਦਰ ਸਿੰਘ, ਕਰਨੈਲ ਸਿੰਘ, ਨਰਿੰਦਰ ਕੁਮਾਰ, ਹਰਵਿੰਦਰ ਸਿੰਘ, ਪੰਡਿਤ ਅਰੁਣ ਸ਼ਰਮਾ, ਪੰਡਿਤ ਤਰਨ ਸ਼ਰਮਾ, ਰਘਵੀਰ ਸਿੰਘ ਗਰੇਵਾਲ, ਇੰਦਰਜੀਤ ਸਿੰਘ ਡੋਗਾ, ਕੋਮਲਪ੍ਰੀਤ ਸੰਧੂ, ਨਿਰਮਲ ਸਿੰਘ, ਸਰਬਜੀਤ ਸਿੰਘ, ਅਮਨਪ੍ਰੀਤ, ਸੁਖਦੀਪ ਸਿੰਘ, ਜਗਦੀਸ਼ ਕੁਮਾਰ, ਡਾ. ਰਾਮ ਸਿੰਘ, ਹਰਮਨਪ੍ਰੀਤ ਕੌਰ, ਸਿਮਰਨ ਕੌਰ, ਸ਼ੈਲੀ, ਮਾਲਤੀ, ਪਰਮਜੀਤ ਕੌਰ ਪੰਮੀ, ਬੇਅੰਤ ਕੌਰ, ਮਨਜਿੰਦਰ ਕੌਰ, ਵੀਰਪਾਲ ਕੌਰ, ਦਰਸ਼ਨ ਕੌਰ, ਅਮਰਜੀਤ ਕੌਰ, ਡਾ. ਅਮਨ, ਗੁਰਪ੍ਰੀਤ ਕੌਰ ਆਦਿ ਹਾਜ਼ਰ ਸਨ।

ਐਮ.ਪੀ. ਸੰਜੇ ਸਿੰਘ ਨਾਲ ਮਾਣਹਾਨੀ ਮਾਮਲੇ ਵਿੱਚ ਬਿਕਰਮ ਸਿੰਘ ਮਜੀਠੀਆ ਦੀ ਜਿਰਾਹ ਸਮਾਪਤ



ਲੁਧਿਆਣਾ, 4 ਮਈ (ਵਿਸ਼ਾਲ ਸ਼ਰਮਾ): ਬਿਕਰਮ ਸਿੰਘ ਮਜੀਠੀਆ ਬਨਾਮ ਸੰਜੇ ਸਿੰਘ, ਰਾਜ ਸਭਾ ਮੈਂਬਰ ਵਾਲੇ ਮਾਣਹਾਨੀ ਮਾਮਲੇ ਵਿੱਚ ਇੱਕ ਮਹੱਤਵਪੂਰਨ ਘਟਨਾਕ੍ਰਮ ਵਿੱਚ, ਬਿਕਰਮ ਸਿੰਘ ਮਜੀਠੀਆ ਦੀ ਪੂਰੀ ਜਿਰਾਹ ਅੱਜ ਸਮਾਪਤ ਹੋ ਗਈ ਹੈ। ਜਿਰਾਹ ਮਾਨਯੋਗ ਹਾਈ ਕੋਰਟ ਦੁਆਰਾ ਦਿੱਤੇ ਗਏ ਆਖਰੀ ਮੌਕੇ 'ਤੇ ਕੀਤੀ ਗਈ ਸੀ ਅਤੇ ਆਮ ਆਦਮੀ ਪਾਰਟੀ ਦੇ ਕਾਨੂੰਨੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਆਕਾਸ਼ ਬਜਾਜ ਅਤੇ ਜ਼ਿਲ੍ਹਾ ਸਕੱਤਰ ਕਮਲਜੀਤ ਸਿੰਘ ਆਨੰਦ ਦੁਆਰਾ ਕੀਤੀ ਗਈ। ਜਿਸ ਨਾਲ ਬਾਅਦ ਗਵਾਹੀਆਂ ਨੂੰ ਹੁਣ ਬੰਦ ਕਰ ਦਿੱਤਾ ਗਿਆ ਹੈ ਅਤੇ ਕੇਸ ਨੂੰ ਹੁਣ ਬਹਿਸ ਲਈ ਰੱਖਿਆ ਗਿਆ ਹੈ। ਇਸ ਜਿਰਾਹ ਦੇ ਪੂਰੇ ਹੋਣ ਦੇ ਨਾਲ ਮਾਮਲਾ 19 ਮਈ 2026 ਨੂੰ ਲੁਧਿਆਣਾ ਦੇ ਏ.ਸੀ.ਜੇ.ਐਮ. ਡੇਜ਼ੀ ਬੈਂਗੜ ਦੀ ਅਦਾਲਤ ਵਿੱਚ ਅੰਤਿਮ ਬਹਿਸਾਂ ਲਈ ਸੂਚੀਬੱਧ ਕੀਤਾ ਗਿਆ ਹੈ, ਜੋ ਕਿ ਇੱਕ ਕੇਸ ਦੇ ਫੈਸਲੇ ਵਿੱਚ ਆਖਰੀ ਤਾਰੀਕ ਹੋਵੇਗੀ।

ਮੰਤਰੀ ਸੌਂਦ ਨੇ ਮਾਡਲ ਪਲੇਅ ਗਰਾਊਂਡ ਲੋਕਾਂ ਨੂੰ ਕੀਤਾ ਸਮਰਪਿਤ



ਲੁਧਿਆਣਾ, 4 ਮਈ (ਵਿਸ਼ਾਲ ਸ਼ਰਮਾ/ਸੰਜੀਵ ਲਹਿਲ) : ਮੰਤਰੀ ਤਰੁਨਪ੍ਰੀਤ ਸੌਂਦ ਨੇ ਸੋਮਵਾਰ ਨੂੰ ਪਿੰਡ ਤੁਰਮਰੀ ਵਿੱਚ 13.30 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਮਾਡਲ ਪਲੇਅ ਗਰਾਊਂਡ ਦਾ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਿਤ ਕੀਤਾ ਜੋ ਸਥਾਨਕ ਨਿਵਾਸੀਆਂ ਨਾਲ ਕੀਤੇ ਵਾਅਦੇ ਨੂੰ ਪੂਰਾ ਕਰਦਾ ਹੈ। ਇਹ ਅਤਿ ਆਧੁਨਿਕ ਸਹੂਲਤ ਪੇਂਡੂ ਖੇਤਰਾਂ ਵਿੱਚ ਖੇਡ ਬੁਨਿਆਦੀ ਢਾਂਚੇ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਦੀ ਵੱਡੀ ਪਹਿਲਕਦਮੀ ਦਾ ਹਿੱਸਾ ਹੈ। ਸੌਂਦ ਨੇ ਕਿਹਾ ਕਿ ਪੰਜਾਬ ਦੀ ਨਵੀਂ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਕਰਕੇ ਖੇਡਾਂ ਨਾਲ ਜੋੜਨ ਲਈ ਮਾਨ ਸਰਕਾਰ ਵੱਲੋਂ ਇਤਿਹਾਸਕ ਪਹਿਲਕਦਮੀ ਤਹਿਤ 1,250 ਕਰੋੜ ਰੁਪਏ ਦੀ ਲਾਗਤ ਨਾਲ 3,100 ਆਧੁਨਿਕ ਖੇਡ ਮੈਦਾਨ ਤਿਆਰ ਕੀਤੇ ਜਾ ਰਹੇ ਹਨ, ਜਿਨ੍ਹਾਂ ਵਿੱਚੋਂ 250 ਅੱਜ ਲੋਕ ਅਰਪਣ ਕੀਤੇ ਗਏ ਹਨ। ਜੁਲਾਈ 2026 ਤੱਕ ਸਾਰੇ ਆਧੁਨਿਕ ਖੇਡ ਮੈਦਾਨ ਮੁਕੰਮਲ ਹੋਣਗੇ ਜੋ ਪੰਜਾਬ ਦੇ ਨੌਜਵਾਨਾਂ ਨੂੰ ਤੰਦਰੁਸਤ ਰਹਿਣ ਅਤੇ ਖੇਡਾਂ ਦੇ ਖੇਤਰ ਵਿੱਚ ਅੱਗੇ ਵਧਣ ਦੇ ਲਈ ਨਵੀਂ ਦਿਸ਼ਾ ਦੇਣਗੇ। ਪੰਜਾਬ ਵਿੱਚ 3,100 ਤੋਂ ਵੱਧ ਮਾਡਲ ਪਲੇਅ ਗਰਾਊਂਡ ਵਿਕਸਤ ਕਰਨ ਦੇ ਪ੍ਰੋਜੈਕਟ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੁਆਰਾ ਨੌਜਵਾਨਾਂ ਦੀ ਊਰਜਾ ਨੂੰ ਸਕਾਰਾਤਮਕ ਦਿਸ਼ਾ ਵਿੱਚ ਲਗਾਉਣ ਅਤੇ ਉਨ੍ਹਾਂ ਨੂੰ ਵਿਕਾਸ ਦੇ ਅਰਥਪੂਰਨ ਮੌਕੇ ਪ੍ਰਦਾਨ ਕਰਨ ਲਈ ਇੱਕ ਦੂਰਦਰਸ਼ੀ ਕਦਮ ਹੈ। ਉਨ੍ਹਾਂ ਦੱਸਿਆ ਕਿ ਪਿੰਡ ਤੁਰਮਰੀ ਦਾ ਪਲੇਅ ਗਰਾਊਂਡ ਅਤਿ ਆਧੁਨਿਕ ਸਹੂਲਤਾਂ ਨਾਲ ਲੈਸ ਹੈ, ਜਿਸ ਵਿੱਚ ਵਾਲੀਬਾਲ ਅਤੇ ਮੁੱਕੇਬਾਜ਼ੀ ਦੀਆਂ ਸਹੂਲਤਾਂ, ਇੱਕ ਵਾਕਿੰਗ ਟ੍ਰੈਕ, ਬੱਚਿਆਂ ਲਈ ਝੂਲੇ ਅਤੇ ਸਟਰੀਟ ਲਾਈਟਾਂ ਆਦਿ ਸ਼ਾਮਲ ਹੈ, ਜੋ ਹਰ ਉਮਰ ਵਰਗ ਲਈ ਇੱਕ ਵਿਆਪਕ ਮਨੋਰੰਜਨ ਸਥਾਨ ਬਣਾਉਂਦਾ ਹੈ। ਮੰਤਰੀ ਸੌਂਦ ਨੇ ਕਿਹਾ ਕਿ ਖੇਡਾਂ ਦਾ ਬੁਨਿਆਦੀ ਢਾਂਚਾ ਬਣਾ ਕੇ ਨੌਜਵਾਨਾਂ ਨੂੰ ਉਸਾਰੂ ਅਤੇ ਸਿਹਤਮੰਦ ਗਤੀਵਿਧੀਆਂ ਵਿੱਚ ਸ਼ਾਮਲ ਕਰਕੇ ਨਸ਼ਿਆਂ ਤੋਂ ਦੂਰ ਰੱਖਣ ਲਈ ਇੱਕ ਮੁੱਖ ਰਣਨੀਤੀ ਹੈ। ਉਨ੍ਹਾਂ ਇਸ ਪਹਿਲਕਦਮੀ ਨੂੰ 'ਆਪ' ਸਰਕਾਰ ਦਾ 'ਸੁਪਨਾ ਪ੍ਰੋਜੈਕਟ' ਕਰਾਰ ਦਿੱਤਾ ਅਤੇ ਕਿਹਾ ਕਿ ਪਿੰਡ ਤੁਰਮੁਰੀ ਵਿੱਚ ਮਾਡਲ ਪਲੇਅ ਗਰਾਊਂਡ ਦਾ ਉਦਘਾਟਨ ਕਰਕੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕੀਤਾ ਗਿਆ ਹੈ।

ਮੰਤਰੀ ਸੌਂਦ ਨੇ ਪਿੰਡ ਤੁਰਮਰੀ ਦੇ ਕਾਰਗਿਲ ਸ਼ਹੀਦ ਹਰਜਿੰਦਰ ਸਿੰਘ ਰਾਜੀ ਨੂੰ ਸ਼ਰਧਾ ਦੇ ਫੁਲ ਭੇਂਟ ਕੀਤੇ ਗਏ। ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਖੰਨਾ ਜਗਤਾਰ ਸਿੰਘ ਗਿੱਲ ਰਤਨਹੇੜੀ, ਚੇਅਰਮੈਨ ਬਲਾਕ ਸੰਮਤੀ ਖੰਨਾ ਲਖਵੀਰ ਸਿੰਘ ਗਿੱਲ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਮਾਸਟਰ ਅਵਤਾਰ ਸਿੰਘ ਦੈਹਿੜੂ, ਐਡਵੋਕੇਟ ਮਨਗੀਤ ਸਿੰਘ ਨਾਗਰਾ, ਪ੍ਰਧਾਨ ਯੂਥ ਵਿੰਗ ਐਡਵੋਕੇਟ ਅਮਨਿੰਦਰ ਸਿੰਘ, ਤੁਰਮਰੀ ਦੇ ਸਰਪੰਚ ਪਰਮਜੀਤ ਕੌਰ, ਬਲਾਕ ਵਿਕਾਸ ਤੇ ਪੰਚਾਇਤ ਅਫਸਰ ਖੰਨਾ ਸਤਵਿੰਦਰ ਸਿੰਘ ਕੰਗ, ਐਕਸੀਅਨ ਪੰਚਾਇਤੀ ਰਾਜ ਅਰਪਿਤ ਸ਼ਰਮਾ, ਐਸ.ਡੀ.ਓ ਪੰਚਾਇਤੀ ਰਾਜ ਕੁਲਵਿੰਦਰ ਸਿੰਘ, ਸਵਰਨਜੀਤ ਸਿੰਘ ਪੰਚਾਇਤ ਸਕੱਤਰ, ਪ੍ਰਧਾਨ ਯੂਥ ਵਿੰਗ ਐਡਵੋਕੇਟ ਅਮਨਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਨੌਜਵਾਨ, ਪਿੰਡ ਅਤੇ ਇਲਾਕਾ ਨਿਵਾਸੀ ਮੌਜੂਦ ਸਨ।

ਸ਼੍ਰੋਮਣੀ ਲਿਖਾਰੀ ਬੋਰਡ ਵੱਲੋਂ ਸਾਹਿਤਕ ਮਿਲਣੀ



ਲੁਧਿਆਣਾ, 4 ਮਈ (ਰਵਿੰਦਰ ਸਿੰਘ ਨਿੱਝਰ): ਖੁਸ਼ੀ ਅਤੇ ਗ਼ਮੀ ਦੇ ਦੋਵੇਂ ਪਹਿਲੂਆਂ ਦਾ ਉਸ ਵੇਲੇ ਪ੍ਰਤੱਖ ਅਹਿਸਾਸ ਹੋਇਆ ਦੇਰ ਕਲ੍ਹ ਸ਼ਾਮ ਸਥਾਨਕ ਗਿਲ ਰੋਡ ਸਥਿਤ ਕੈਰੀਅਰ ਕਾਲਜ ਦੇ ਦਫਤਰ ਵਿਖੇ ਸ਼੍ਰੋਮਣੀ ਲਿਖਾਰੀ ਬੋਰਡ ਪੰਜਾਬ ਰਜਿ. ਵੱਲੋਂ ਕਰਵਾਈ ਗਈ ਮਹੀਨਾਵਾਰ ਸਾਹਿਤਕ ਮਿਲਣੀ ਦੌਰਾਨ ਜਦ ਬੋਰਡ ਦੇ ਪ੍ਰਧਾਨ ਪ੍ਰਭ ਕਿਰਨ ਸਿੰਘ ਨੇ ਆਪਣੀ ਸੁਰਗੀ ਮਾਤਾ ਬੀਬੀ ਨਿਰਅੰਜਨ ਅਵਤਾਰ ਕੌਰ ਦੀ ਲਿਖੀ ਇਕ ਗ਼ਜ਼ਲ ਪੜ੍ਹੀ।ਸੰਗੀਤਕ ਰੂਪ ਵਿਚ ਪੜ੍ਹ ਕੇ ਸੁਣਾਇਆ ਕਿਉਂ ਜੋ ਮਿਲਣੀ ਦੀ ਸ਼ੁਰੂਆਤ ਸ਼੍ਰੋਮਣੀ ਲੋਕ ਗਾਇਕ ਪਾਲੀ ਦੇਤਵਾਲੀਆ ਦੇ ਪਿਛਲੇ ਦਿਨੀਂ ਸਵਰਗਵਾਸ ਹੋਏ ਨੌਜਵਾਨ ਬੇਟੇ ਮਨਜੀਤ ਸਿੰਘ ਅਤੇ ਕਵਿਸ਼ਰ ਪ੍ਰੀਤ ਸੰਦਲ ਮਕਸੂਦੜਾ ਨੂੰ ਦੋ ਮਿੰਟ ਦਾ ਮੌਨ ਧਾਰਨ ਕਰ ਕੇ ਸ਼ਰਧਾਂਜਲੀ ਦਿੱਤੀ ਗਈ। ਕਹਾਣੀਕਾਰ ਪੰਮੀ ਹਬੀਬ ਅਤੇ ਜਸਵਿੰਦਰ ਕੌਰ ਜੱਸੀ ਦੇ ਜਨਮਦਿਨ ਜਾ ਕੇ ਕੇਕ ਵੀ ਕੱਟਿਆ ਗਿਆ। ਗੀਤਕਾਰ ਪ੍ਰਮਿੰਦਰ ਸਿੰਘ ਅਲਬੇਲਾ ਅਤੇ ਗਾਇਕ ਜਗਦੇਵ ਸਿੰਘ ਜੱਗਾ ਨੇ ਆਪਣੇ ਗੀਤਾਂ ਨਾਲ ਸਾਹਿਤਕ ਦਰਬਾਰ ਦਾ ਆਗਾਜ਼ ਕੀਤਾ। ਸ਼ਾਇਰ ਮੀਤ ਪਾਣੀਪਤ ਅਤੇ ਗ਼ਜ਼ਲ-ਗੋ ਜ਼ੋਰਾਵਰ ਸਿੰਘ ਪੰਛੀ ਨੇ ਗ਼ਜ਼ਲਾਂ ਨਾਲ ਖੂਬ ਰੰਗ ਬੰਨ੍ਹਿਆ। ਕਹਾਣੀਕਾਰ ਪੰਮੀ ਹਬੀਬ ਨੇ ਆਪਣੀ ਮਿੰਨੀ ਕਹਾਣੀ ਰਾਹੀਂ ਹਾਜ਼ਰੀ ਲਗਵਾਈ ਜਦਕਿ ਸਿਮਰਨ ਧੁੱਗਾ, ਕੁਲਵਿੰਦਰ ਕੌਰ ਕਿਰਨ, ਜਸਵਿੰਦਰ ਕੌਰ ਜੱਸੀ, ਇੰਦਰਜੀਤ ਕੌਰ ਲੌਟੇ ਕਵਿਤਰੀਆਂ ਨੇ ਸ਼ਹੀਦਾਂ ਨੂੰ ਸਮਰਪਿਤ ਅਤੇ ਸਮਾਜਕ ਮੁੱਦਿਆਂ ਨੂੰ ਛੂਹੰਦੀਆਂ ਦਿਲ ਟੁੰਬਵੀਆਂ ਕਵਿਤਾਵਾਂ ਪੜ੍ਹੀਆਂ। ਕੇਵਲ ਦੀਵਾਨਾ, ਸੁਰਜੀਤ ਸਿੰਘ ਜੀਤ, ਹਰਦੇਵ ਸਿੰਘ ਕਲਸੀ ਅਤੇ ਚਰਨਜੀਤ ਸਿੰਘ ਚੰਨ ਵਲੋਂ ਬੋਲੀਆਂ ਗਈਆਂ ਭਾਵਪੂਰਤ ਰਚਨਾਵਾਂ ਦਾ ਸਭ ਨੇ ਖੂਬ ਆਨੰਦ ਮਾਣਿਆ। ਗੁਰਮੀਤ ਸਿੰਘ ਨੇ ਇੱਕ ਗੀਤ ਪੇਸ਼ ਕੀਤਾ। ਚੰਨਪ੍ਰੀਤ ਸਿੰਘ ਗਿੱਲ ਵੱਲੋਂ ਤਿਆਰ ਕੀਤੀ ਨਵੀਂ ਗ਼ਜ਼ਲ 'ਡੁੱਬੇ ਲਹਿਰ ਚਨਾਬ ਦੀ' ਦਾ ਪੋਸਟਰ ਰਿਲੀਜ਼ ਕੀਤਾ ਗਿਆ। ਪ੍ਰਧਾਨ ਪ੍ਰਭ ਕਿਰਨ ਸਿੰਘ ਨੇ ਸ਼ਾਇਰਾਨਾ ਅੰਦਾਜ਼ ਵਿਚ ਆਏ ਸਾਹਿਤਕਾਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਕੈਰੀਅਰ ਕਾਲਜ ਦੀ ਪ੍ਰਿੰਸੀਪਲ ਅਮਰਪ੍ਰੀਤ ਕੌਰ ਅਤੇ ਤੂਫਾਨ ਸਾਹਿਬ ਮੈਮੋਰੀਅਲ ਐਜੂਕੇਸ਼ਨਲ ਸੁਸਾਇਟੀ ਦੇ ਵਿਜੇ ਕਲਿਆਣ ਅਤੇ ਏਕਮਜੋਤ ਕੌਰ ਵੱਲੋਂ ਆਏ ਮਹਿਮਾਨਾਂ ਲਈ ਕੀਤੇ ਗਏ ਉਚੇਚੇ ਇੰਤਜ਼ਾਮ ਬੜੇ ਸ਼ਲਾਘਾਯੋਗ ਸਨ ।

'ਆਪ' ਵਰਕਰਾਂ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਦੇ ਆਉਣ 'ਤੇ ਭਾਜਪਾ ਵਿਰੁੱਧ ਨਾਅਰੇਬਾਜ਼ੀ



ਲੁਧਿਆਣਾ, 4 ਮਈ (ਰਵਿੰਦਰ ਸਿੰਘ ਨਿੱਝਰ): ਹਰਿਆਣਾ ਦੇ ਮੁੱਖ ਮੰਤਰੀ ਨੈਬ ਸਿੰਘ ਸੈਣੀ ਦੇ ਲੁਧਿਆਣਾ ਪਹੁੰਚਣ 'ਤੇ ਆਮ ਆਦਮੀ ਪਾਰਟੀ ਦੇ ਅਹੁਦੇਦਾਰਾਂ ਅਤੇ ਵਰਕਰਾਂ ਨੇ ਭਾਜਪਾ ਦੀਆਂ ਨੀਤੀਆਂ ਵਿਰੁੱਧ ਨਾਅਰੇਬਾਜ਼ੀ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਪੰਜਾਬ ਕੰਟੇਨਰ ਐਂਡ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਡਾਇਰੈਕਟਰ ਰਵਿੰਦਰ ਪਾਲ ਸਿੰਘ ਪਾਲੀ ਨੇ ਕਿਹਾ ਕਿ ਭਾਜਪਾ ਨੇ ਹਾਲ ਹੀ ਵਿੱਚ ਗੈਸ ਸਿਲੰਡਰਾਂ ਦੀਆਂ ਕੀਮਤਾਂ ਵਧਾ ਕੇ ਆਮ ਲੋਕਾਂ ਦਾ ਜਨ ਜੀਵਨ ਹੋਰ ਵੀ ਦੁੱਭਰ ਕਰ ਦਿੱਤਾ। ਉਹਨਾਂ ਆਖਿਆ ਕਿ ਜਿਉਂ ਹੀ ਪੱਛਮੀ ਬੰਗਾਲ ਅਸਾਮ ਅਤੇ ਤਾਮਿਲਨਾਡੂ ਸਮੇਤ ਪੰਜ ਰਾਜਾਂ ਵਿੱਚ ਵੋਟਾਂ ਦਾ ਕੰਮ ਮੁਕੰਮਲ ਹੋਇਆ ਭਾਜਪਾ ਨੇ ਇਸ ਲਹਿਰਾਂ ਦੇ ਅਨੁਕੂਲ ਵਧਾ ਕੇ ਆਮ ਲੋਕਾਂ ਨੂੰ ਦਿਖਾ ਦਿੱਤਾ ਕਿ ਭਾਜਪਾ ਨੂੰ ਆਮ ਲੋਕਾਂ ਦੇ ਹਿੱਤਾਂ ਦੀ ਪਰਵਾਹ ਨਹੀਂ ਹੈ। ਉਹਨਾਂ ਆਖਿਆ ਕਿ ਜਦੋਂ ਦੀ ਭਾਜਪਾ ਨੇ ਕੇਂਦਰ ਵਿੱਚ ਸਰਕਾਰ ਬਣਾਈ ਹੈ ਉਦੋਂ ਤੋਂ ਮਹਿੰਗਾਈ ਕਈ ਗੁਣਾ ਵੱਧ ਗਈ ਹੈ। ਭਾਜਪਾ ਲੋਕਾਂ ਨੂੰ ਧਰਮ ਜਾਤ ਦੇ ਆਧਾਰ 'ਤੇ ਵੰਡ ਕੇ ਆਪਣਾ ਉੱਲੂ ਸਿੱਧਾ ਕਰ ਰਹੀ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਖੰਗੂੜਾ, ਜ਼ਿਲ੍ਹਾ ਟ੍ਰਾਂਸਪੋਰਟ ਬੋਰਡ ਜੀਐਸਟੀ ਦੇ ਚੇਅਰਮੈਨ ਪਰਮਪਾਲ ਸਿੰਘ ਬਾਵਾ, ਰਾਜ ਕੁਮਾਰ ਅਗਰਵਾਲ ਚਰਨਪ੍ਰੀਤ ਸਿੰਘ ਲਾਂਬਾ ਅਤੇ ਹੋਰ ਅਨੇਕਾਂ ਅਹੁਦੇਦਾਰ ਅਤੇ ਵਰਕਰ ਮੌਜੂਦ ਸਨ।

ਸੰਗਤਾਂ ਨੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ



ਲੁਧਿਆਣਾ, 4 ਮਈ (ਰਵਿੰਦਰ ਸਿੰਘ ਨਿੱਝਰ) : ਸਿੱਖ ਸ਼ਹੀਦਾਂ ਦਾ ਯਾਦਗਾਰੀ ਅਸਥਾਨ ਗੁਰਦੁਆਰਾ ਸ਼ਹੀਦਾਂ ਫ਼ੇਰੂਮਾਨ ਢੋਲੇਵਾਲ ਚੌਕ ਵਿਖੇ ਹਫਤਾਵਾਰੀ ਧਾਰਮਿਕ ਗੁਰਮਤਿ ਸਮਾਗਮ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਸ਼ਰਧਾ ਅਤੇ ਸਤਿਕਾਰ ਸਹਿਤ ਕਰਵਾਇਆ ਗਿਆ। ਅੰਮ੍ਰਿਤ ਵੇਲੇ ਤੋਂ ਹੀ ਗੁਰਦੁਆਰਾ ਸਾਹਿਬ ਦੇ ਹਜੂਰੀ ਰਾਗੀ ਜਥਿਆਂ ਭਾਈ ਪਰਮਵੀਰ ਸਿੰਘ, ਭਾਈ ਗੁਰਦੀਪ ਸਿੰਘ ਜੈਪੁਰ ਵਾਲੇ, ਭਾਈ ਹਰਪ੍ਰੀਤ ਸਿੰਘ ਖਾਲਸਾ ਅਤੇ ਵਿਸ਼ੇਸ਼ ਤੌਰ 'ਤੇ ਭਾਈ ਗੁਰਦੇਵ ਸਿੰਘ ਵੇਰਕਾ ਹਜੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਵਾਲਿਆਂ ਅਤੇ ਉਨ੍ਹਾਂ ਦੇ ਜੱਥੇ ਵੱਲੋਂ ਅੰਮ੍ਰਿਤਮਈ ਗੁਰਬਾਣੀ ਕੀਰਤਨ ਦੀ ਸੇਵਾ ਨਿਭਾਈ ਗਈ, ਜਿਸ ਨਾਲ ਸੰਗਤਾਂ ਨੂੰ ਆਤਮਕ ਆਨੰਦ ਪ੍ਰਾਪਤ ਹੋਇਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ ਨੇ ਸੰਗਤੀ ਰੂਪ ਵਿੱਚ ਰਾਗੀ ਜਥੇ ਨੂੰ ਸਿਰਪਾਓ ਭੇਟ ਕੀਤੇ। ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਮਜੀਤ ਸਿੰਘ ਲਾਇਲਪੁਰੀ, ਤੇਜਿੰਦਰ ਸੀ ਡੰਗ, ਤਰਲੋਚਨ ਸਿੰਘ ਬੱਬਰ, ਗੁਰਜੀਤ ਸਿੰਘ ਟੋਨੀ ਗਿੱਲ ਐਨਆਰਆਈ, ਇੰਦਰਜੀਤ ਸਿੰਘ ਮੱਕੜ, ਸੁਰਿੰਦ

ਕੈਨੇਡਾ ਦੀ ਖੁਫੀਆ ਰਿਪੋਰਟ 'ਚ ਖ਼ਾਲਿਸਤਾਨੀ ਅਨਸਰਾਂ ਨੂੰ ਦੱਸਿਆ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ

ਓਟਾਵਾ, 4 ਮਈ (ਚ.ਨ.ਸ): ਸੰਸਦ 'ਚ ਪੇਸ਼ ਕੀਤੀ ਗਈ ਇੱਕ ਰਿਪੋਰਟ 'ਚ ਕੈਨੇਡਾ ਦੀ ਖੁਫੀਆ ਏਜੰਸੀ ਕੈਨੇਡੀਅਨ ਸੁਰੱਖਿਆ ਖੁਫੀਆ ਸੇਵਾ ਨੇ ਦੇਸ਼ 'ਚ ਸਰਗਰਮ ਖ਼ਾਲਿਸਤਾਨੀ ਅਨਸਰਾਂ ਵੱਲੋਂ ਪੈਦਾ ਕੀਤੇ ਗਏ ਖ਼ਤਰੇ ਨੂੰ ਪ੍ਰਵਾਨ ਕੀਤਾ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਕੈਨੇਡਾ 'ਚ ਖ਼ਾਲਿਸਤਾਨੀ ਕੱਟੜਪੰਥੀ ਗਰੁੱਪ ਹਿੰਸਕ ਏਜੰਡੇ ਨੂੰ ਅੱਗੇ ਵਧਾ ਰਹੇ ਹਨ। ਕੈਨੇਡਾ ਆਧਾਰਿਤ ਖ਼ਾਲਿਸਤਾਨੀ ਕੱਟੜਪੰਥੀ ਸੀ.ਬੀ.ਕੇ.ਈ. ਗਰੁੱਪ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਪੈਦਾ ਕਰਨ ਵਾਲੀਆਂ ਸਰਗਰਮੀਆਂ 'ਚ ਸ਼ਾਮਲ ਰਹਿੰਦਾ ਹੈ। ਇਹ ਗਰੁੱਪ ਆਪਣੇ ਏਜੰਡੇ ਨੂੰ ਅੱਗੇ ਵਧਾਉਣ ਤੇ ਹਿੰਸਕ ਸਰਗਰਮੀਆਂ ਲਈ ਭਾਈਚਾਰੇ ਦੇ ਮੈਂਬਰਾਂ ਤੋਂ ਫੰਡ ਇਕੱਠਾ ਕਰਨ ਲਈ ਕੈਨੇਡਾ ਅੰਦਰ ਨਾਗਰਿਕਾਂ ਤੇ ਅਦਾਰਿਆਂ ਦਾ ਸ਼ੋਸ਼ਣ ਕਰਦੇ ਹਨ। ਰਿਪੋਰਟ 'ਚ 1985 'ਚ ਏਅਰ ਇੰਡੀਆ ਦੀ ਕਨਿਸ਼ਕ ਉਡਾਣ 'ਚ ਹੋਏ ਬੰਬ ਧਮਾਕੇ ਦੀ 40ਵੀਂ ਵਰ੍ਹੇਗੰਢ ਦਾ ਵੀ ਜ਼ਿਕਰ ਹੈ। ਇਸ 'ਚ ਕਿਹਾ ਗਿਆ ਹੈ ਕਿ ਇਸ ਧਮਾਕੇ ਲਈ ਜ਼ਿੰਮੇਵਾਰ ਕੈਨੇਡਾ 'ਚ ਸਰਗਰਮ ਖ਼ਾਲਿਸਤਾਨੀ ਕੱਟੜਪੰਥੀ ਗਰੁੱਪਾਂ ਨਾਲ ਜੁੜੇ ਹੋਏ ਸਨ। ਇਹ ਧਮਾਕਾ ਕੈਨੇਡੀਅਨ ਇਤਿਹਾਸ ਦਾ ਸਭ ਤੋਂ ਵੱਡਾ ਅੱਤਵਾਦੀ ਹਮਲਾ ਸੀ, ਜਿਸ 'ਚ 329 ਵਿਅਕਤੀ ਮਾਰੇ ਗਏ ਸਨ। ਇਨ੍ਹਾਂ 'ਚੋਂ ਵਧੇਰੇ ਕੈਨੇਡੀਅਨ ਨਾਗਰਿਕ ਸਨ। ਹਾਲਾਂਕਿ, ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ 2025 'ਚ ਅਜਿਹਾ ਕੋਈ ਹਮਲਾ ਦਰਜ ਨਹੀਂ ਕੀਤਾ ਗਿਆ। ਰਿਪੋਰਟ ਅਨੁਸਾਰ ਕੁਝ ਖ਼ਾਲਿਸਤਾਨੀ ਅਨਸਰ ਕੈਨੇਡੀਅਨ ਨਾਗਰਿਕਾਂ ਤੇ ਅਦਾਰਿਆਂ ਨਾਲ ਜੁੜੇ ਹੋਏ ਹਨ। ਉਹ ਇਨ੍ਹਾਂ ਸਬੰਧਾਂ ਰਾਹੀਂ ਆਪਣੇ ਨੈਟਵਰਕ ਨੂੰ ਮਜ਼ਬੂਤ ਕਰਦੇ ਹਨ। ਇਹ ਵੀ ਖੁਲਾਸਾ ਹੋਇਆ ਹੈ ਕਿ ਉਹ ਅਣਜਾਣ ਵਿਅਕਤੀਆਂ ਤੋਂ ਫੰਡ ਇਕੱਠੇ ਕਰਦੇ ਹਨ ਤੇ ਉਨ੍ਹਾਂ ਨੂੰ ਕੱਟੜਪੰਥੀ ਸਰਗਰਮੀਆਂ ਲਈ ਵਰਤਦੇ ਹਨ। ਰਿਪੋਰਟ ਖੁਫੀਆ ਮੁਲਾਂਕਣਾਂ 'ਤੇ ਆਧਾਰਿਤ ਹੈ। ਕੈਨੇਡਾ ਦੀ ਸਿਆਸੀ ਲੀਡਰਸ਼ਿਪ 'ਚ ਤਬਦੀਲੀ, ਖਾਸ ਕਰਕੇ ਮਾਰਕ ਕਾਰਨੀ ਦੇ ਕਾਰਜਕਾਲ ਦੌਰਾਨ ਨੀਤੀਗਤ ਸੁਰ 'ਚ ਤਬਦੀਲੀ ਦਾ ਇਹ ਸੰਕੇਤ ਦਿੰਦੀ ਹੈ। ਇਸ ਦੌਰਾਨ ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ ਦੇ ਕਮਿਸ਼ਨਰ ਮਾਈਕ ਡੂਹੇਮ ਰਿਪੋਰਟ ਦੇ ਕੁਝ ਹਿੱਸਿਆਂ ਨਾਲ ਸਹਿਮਤ ਸਨ ਪਰ ਉਨ੍ਹਾਂ ਇਹ ਵੀ ਕਿਹਾ ਕਿ ਇਸ ਸਮੇਂ ਭਾਰਤ ਤੋਂ ਕਿਸੇ ਸਿੱਧੇ ਖ਼ਤਰੇ ਦਾ ਕੋਈ ਸਬੂਤ ਨਹੀਂ ਹੈ।ਸੀ.ਟੀ.ਵੀ. ਨਾਲ ਇੱਕ ਇੰਟਰਵਿਊ 'ਚ ਉਨ੍ਹਾਂ ਕਿਹਾ ਕਿ ਕੁਝ ਬਿਆਨ ਪਿਛਲੀਆਂ ਜਾਂਚਾਂ ਦੇ ਆਧਾਰ 'ਤੇ ਦਿੱਤੇ ਗਏ ਸਨ, ਪਰ ਮੌਜੂਦਾ ਹਾਲਾਤ 'ਚ ਸਾਰੇ ਸਿੱਧੇ ਤੌਰ 'ਤੇ ਕਿਸੇ ਵਿਦੇਸ਼ੀ ਸੰਸਥਾ ਨਾਲ ਜੁੜੇ ਹੋਏ ਨਹੀਂ ਹਨ।ਭਾਰਤ ਨੇ ਇਨ੍ਹਾਂ ਸਾਰੇ ਦੋਸ਼ਾਂ ਨੂੰ ਸਪੱਸ਼ਟ ਤੌਰ 'ਤੇ ਰੱਦ ਕਰ ਦਿੱਤਾ ਹੈ ਤੇ ਉਨ੍ਹਾਂ ਨੂੰ ਸਿਆਸੀ ਪੱਖੋਂ ਪ੍ਰੇਰਿਤ ਦੱਸਿਆ ਹੈ।

ਬ੍ਰਿਜ ਭੂਸ਼ਨ ਵਿਰੁੱਧ ਸ਼ਿਕਾਇਤ ਕਰਨ ਵਾਲੀਆਂ 6 ਪੀੜਤਾਂ 'ਚੋਂ ਇੱਕ ਮੈਂ ਵੀ: ਵਿਨੇਸ਼ ਫੋਗਾਟ

ਨਵੀਂ ਦਿੱਲੀ, 4 ਮਈ (ਚ.ਨ.ਸ): ਭਾਰਤ ਦੀ ਦਿੱਗਜ਼ ਪਹਿਲਵਾਨ ਵਿਨੇਸ਼ ਫੋਗਾਟ ਨੇ ਇੱਕ ਬਹੁਤ ਵੱਡਾ ਖੁਲਾਸਾ ਕਰਦਿਆਂ ਦੱਸਿਆ ਹੈ ਕਿ ਉਹ ਉਨ੍ਹਾਂ ਛੇ ਮਹਿਲਾ ਪਹਿਲਵਾਨਾਂ ਵਿੱਚੋਂ ਇੱਕ ਹੈ, ਜਿਨ੍ਹਾਂ ਨੇ ਭਾਰਤੀ ਕੁਸ਼ਤੀ ਸੰਘ ਦੇ ਸਾਬਕਾ ਪ੍ਰਧਾਨ ਬ੍ਰਿਜ ਭੂਸ਼ਨ ਸ਼ਰਨ ਸਿੰਘ ਵਿਰੁੱਧ ਜਿਨਸੀ ਸ਼ੋਸ਼ਣ ਦੀ ਸ਼ਿਕਾਇਤ ਦਰਜ ਕਰਵਾਈ ਸੀ। ਵਿਨੇਸ਼ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਸਾਂਝੀ ਕਰਦਿਆਂ ਇਹ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਅਦਾਲਤ ਵਿੱਚ ਗਵਾਹੀਆਂ ਅਜੇ ਵੀ ਜਾਰੀ ਹਨ। ਵਿਨੇਸ਼ ਨੇ ਦੱਸਿਆ ਕਿ ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ ਕਿਸੇ ਵੀ ਪੀੜਤ ਦੀ ਪਛਾਣ ਉਜਾਗਰ ਨਹੀਂ ਕੀਤੀ ਜਾਣੀ ਚਾਹੀਦੀ ਕਿਉਂਕਿ ਇਹ ਉਨ੍ਹਾਂ ਦੇ ਸਨਮਾਨ ਤੇ ਮਾਣ ਨਾਲ ਜੁੜਿਆ ਮਾਮਲਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮੈਂ ਨਹੀਂ ਚਾਹੁੰਦੀ ਸੀ ਕਿ ਜਦੋਂ ਤੱਕ ਕੇਸ ਪੈਂਡਿੰਗ ਹੈ, ਮੈਂ ਕੁਝ ਬੋਲਾਂ... ਪਰ ਅੱਜ ਕੁਝ ਖਾਸ ਹਾਲਾਤਾਂ ਕਾਰਨ ਮੈਂ ਤੁਹਾਨੂੰ ਸਭ ਨੂੰ ਕੁਝ ਦੱਸਣਾ ਚਾਹੁੰਦੀ ਹਾਂ। ਵਿਨੇਸ਼ ਸਾਲ 2023 ਵਿੱਚ ਜੰਤਰ-ਮੰਤਰ ਵਿਖੇ ਬ੍ਰਿਜ ਭੂਸ਼ਨ ਵਿਰੁੱਧ ਹੋਏ ਪ੍ਰਦਰਸ਼ਨਾਂ ਦਾ ਮੁੱਖ ਚਿਹਰਾ ਰਹੀ ਸੀ। ਵਿਨੇਸ਼ ਨੇ ਡਬਲਿਊ.ਐਫ.ਆਈ. ਦੇ ਉਸ ਫੈਸਲੇ ਦਾ ਸਖ਼ਤ ਵਿਰੋਧ ਕੀਤਾ ਹੈ,



ਜਿਸ ਤਹਿਤ ਉਤਰ ਪ੍ਰਦੇਸ਼ ਦੇ ਗੋਂਡਾ ਵਿੱਚ ਰੈਂਕਿੰਗ ਟੂਰਨਾਮੈਂਟ ਤੇ ਟਰਾਇਲ ਕਰਵਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹ ਟਰਾਇਲ ਬ੍ਰਿਜ ਭੂਸ਼ਨ ਦੇ ਇੱਕ ਨਿੱਜੀ ਕਾਲਜ ਵਿੱਚ ਹੋ ਰਹੇ ਹਨ, ਜਿੱਥੇ ਉਸ ਦਾ ਕਾਫੀ ਦਬਦਬਾ ਹੈ। ਵਿਨੇਸ਼ ਅਨੁਸਾਰ, ਉਥੇ ਮੈਟ ਚੇਅਰਮੈਨ ਤੋਂ ਲੈ ਕੇ ਅਧਿਕਾਰੀਆਂ ਤੱਕ ਸਭ ਕੁਝ ਬ੍ਰਿਜ ਭੂਸ਼ਨ ਦੇ ਲੋਕਾਂ ਦੁਆਰਾ ਕੰਟਰੋਲ ਕੀਤਾ ਜਾ ਸਕਦਾ ਹੈ, ਜਿਸ ਕਾਰਨ ਨਿਰਪੱਖ ਮੁਕਾਬਲੇ ਦੀ ਉਮੀਦ ਬਹੁਤ ਘੱਟ ਹੈ।ਵਿਨੇਸ਼ ਨੇ ਸਾਫ਼ ਸ਼ਬਦਾਂ ਵਿੱਚ ਕਿਹਾ ਕਿ ਜੇਕਰ ਗੋਂਡਾ ਵਿੱਚ ਮੁਕਾਬਲੇ ਦੌਰਾਨ ਉਨ੍ਹਾਂ ਨੂੰ, ਉਨ੍ਹਾਂ ਦੀ ਟੀਮ ਜਾਂ ਸਮਰਥਕਾਂ ਨੂੰ ਕੋਈ ਵੀ ਨੁਕਸਾਨ ਪਹੁੰਚਦਾ ਹੈ ਤਾਂ ਇਸ ਲਈ ਭਾਰਤ ਸਰਕਾਰ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੋਵੇਗੀ। ਉਨ੍ਹਾਂ ਦੋਸ਼ ਲਗਾਇਆ ਕਿ ਖੇਡ ਮੰਤਰਾਲਾ ਤੇ ਸਰਕਾਰ ਸਿਰਫ਼ ਤਮਾਸ਼ਬੀਨ ਬਣ ਕੇ ਦੇਖ ਰਹੇ ਹਨ ਤੇ ਬ੍ਰਿਜ ਭੂਸ਼ਨ ਨੂੰ ਖੁੱਲ੍ਹੀ ਛੋਟ ਦਿੱਤੀ ਹੋਈ ਹੈ। 31 ਸਾਲਾ ਪਹਿਲਵਾਨ ਨੇ ਦੱਸਿਆ ਕਿ ਉਨ੍ਹਾਂ ਨੇ ਟ੍ਰੇਨਿੰਗ ਸ਼ੁਰੂ ਕਰ ਦਿੱਤੀ ਹੈ ਤੇ ਉਹ ਦੇਸ਼ ਲਈ ਮੈਡਲ ਜਿੱਤਣਾ ਚਾਹੁੰਦੇ ਹਨ, ਪਰ ਬ੍ਰਿਜ ਭੂਸ਼ਨ ਨਾਲ ਜੁੜੀ ਜਗ੍ਹਾ 'ਤੇ ਖੇਡਣਾ ਉਨ੍ਹਾਂ ਲਈ ਬਹੁਤ ਵੱਡਾ ਮਾਨਸਿਕ ਦਬਾਅ ਹੈ। ਉਨ੍ਹਾਂ ਕਿਹਾ ਕਿ ਮੈਨੂੰ ਕੋਈ ਖਾਸ ਸਹੂਲਤ ਨਹੀਂ ਚਾਹੀਦੀ, ਮੈਂ ਸਿਰਫ਼ ਇਹ ਚਾਹੁੰਦੀ ਹਾਂ ਕਿ ਨਤੀਜੇ ਮੈਟ 'ਤੇ ਖਿਡਾਰੀਆਂ ਦੀ ਮਿਹਨਤ ਨੂੰ ਦਰਸਾਉਣ। ਵਿਨੇਸ਼ ਇਸ ਵਾਰ 57 ਕਿਲੋਗ੍ਰਾਮ ਵਰਗ ਵਿੱਚ ਮੁਕਾਬਲਾ ਕਰੇਗੀ।

ਰਿਸ਼ਤੇ ਹੋਏ ਸ਼ਰਮਸਾਰ! ਦਰਿੰਦਾ ਬਣੇ ਨਾਨੇ ਨੇ ਦੋਹਤੀ ਦੀ ਰੋਲੀ ਪੱਤ

ਬਠਿੰਡਾ, 4 ਮਈ (ਚ.ਨ.ਸ): ਬਠਿੰਡਾ ਵਿੱਚ ਰਿਸ਼ਤਿਆਂ ਨੂੰ ਸ਼ਰਮਸਾਰ ਕਰਨ ਵਾਲੀ ਘਟਨਾ ਸਾਹਮਣੇ ਆਈ ਹੈ। ਇੱਕ 50 ਸਾਲਾ ਵਿਅਕਤੀ 'ਤੇ ਆਪਣੀ 12 ਸਾਲਾ ਸੌਤੇਲੀ ਦੋਹਤੀ ਨਾਲ ਪਿਛਲੇ ਦੋ ਸਾਲਾਂ ਤੋਂ ਜਬਰ-ਜਨਾਹ ਕਰਨ ਦੇ ਗੰਭੀਰ ਦੋਸ਼ ਲੱਗੇ ਹਨ। ਦੋਸ਼ ਹੈ ਕਿ ਹੈਵਾਨ ਬਣਿਆ ਸੌਤੇਲਾ ਨਾਨਾ ਮਾਸੂਮ ਨੂੰ ਪਹਿਲਾਂ ਨਸ਼ੇ ਦਾ ਆਦੀ ਬਣਾਉਂਦਾ ਰਿਹਾ ਤੇ ਫਿਰ ਉਸ ਨਾਲ ਦਰਿੰਦਗੀ ਕਰਦਾ ਰਿਹਾ। ਮਾਮਲੇ ਦਾ ਖੁਲਾਸਾ ਉਸ ਵੇਲੇ ਹੋਇਆ ਜਦੋਂ 26 ਅਪ੍ਰੈਲ ਨੂੰ ਬੱਚੀ ਦੀ ਮਾਂ ਨੇ ਉਸ ਨੂੰ ਨਸ਼ੇ ਵਾਲਾ ਕੈਪਸੂਲ ਖਾਂਦੇ ਵੇਖ ਲਿਆ। ਸ਼ੱਕ ਹੋਣ 'ਤੇ ਜਦੋਂ ਮਾਂ ਨੇ ਸਖ਼ਤੀ ਨਾਲ ਪੁੱਛਗਿੱਛ ਕੀਤੀ ਤਾਂ ਬੱਚੀ ਰੋ ਪਈ ਤੇ ਉਸ ਨੇ ਦੋ ਸਾਲਾਂ ਤੋਂ ਚੱਲ ਰਹੇ ਜਬਰ-ਜਨਾਹ ਦੀ ਪੂਰੀ ਦਰਦਨਾਕ ਕਹਾਣੀ ਸੁਣਾ ਦਿੱਤੀ। ਬੱਚੀ ਨੇ ਦੱਸਿਆ ਕਿ ਜਿਸ ਨੂੰ ਉਹ ਰਾਜਾ ਪਾਪਾ ਕਹਿੰਦੀ ਸੀ, ਉਹੀ ਉਸ ਦੀ ਜ਼ਿੰਦਗੀ ਬਰਬਾਦ ਕਰ ਰਿਹਾ ਸੀ। ਪੀੜਤਾ ਦੀ ਮਾਂ ਨੇ ਪੁਲਿਸ 'ਤੇ ਵੀ ਗੰਭੀਰ ਦੋਸ਼ ਲਗਾਏ ਹਨ। ਉਸ ਦਾ ਕਹਿਣਾ ਹੈ ਕਿ ਪੁਲਿਸ ਮੁਲਾਜ਼ਮ ਸ਼ਿਵਰਾਜ ਨੇ ਉਸ ਦੀ ਅਣਪੜ੍ਹਤਾ ਦਾ ਫਾਇਦਾ ਚੁੱਕਦੇ ਹੋਏ ਡਰਾ ਕੇ ਸਾਦੇ ਕਾਗਜ਼ਾਂ 'ਤੇ ਅੰਗੂਠੇ ਲਗਵਾ ਲਏ ਤੇ ਮਾਮਲੇ ਨੂੰ ਸਮਝੌਤੇ ਵੱਲ ਮੋੜਨ ਦੀ ਕੋਸ਼ਿਸ਼ ਕੀਤੀ। ਜਦੋਂ ਜਸਟਿਸ ਫਾਰ ਆਲ ਆਰਗੇਨਾਈਜ਼ੇਸ਼ਨ ਨੇ ਮਾਮਲੇ 'ਚ ਦਖ਼ਲ ਦੇ ਕੇ ਵਿਰੋਧ ਕੀਤਾ ਤਾਂ ਪੁਲਿਸ ਹਰਕਤ 'ਚ ਆਈ। ਇਸ ਤੋਂ ਬਾਅਦ ਦੋਸ਼ੀ ਖ਼ਿਲਾਫ਼ ਪੋਕਸੋ ਐਕਟ ਤੇ ਜਬਰ-ਜਨਾਹ ਦੀਆਂ ਧਾਰਾਵਾਂ ਹੇਠ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਐਸ.ਐਚ.ਓ. ਕੈਨਾਲ ਹਰਜੋਤ ਸਿੰਘ ਨੇ ਦੱਸਿਆ ਕਿ ਬੱਚੀ ਦਾ ਮੈਡੀਕਲ ਕਰਵਾ ਲਿਆ ਗਿਆ ਹੈ ਤੇ ਦੋਸ਼ੀ ਨੂੰ ਜੇਲ੍ਹ ਭੇਜ ਦਿੱਤਾ ਗਿਆ ਹੈ। ਫਿਲਹਾਲ ਪੀੜਤਾ ਦਾ ਹਸਪਤਾਲ 'ਚ ਇਲਾਜ ਜਾਰੀ ਹੈ।

ਦੇਸ਼ ਭਗਤ ਸਕੂਲ ਆਫ਼ ਫਾਰਮੇਸੀ ਨੇ ਐਲੂਮਨੀ ਮੀਟ ਕਰਵਾਈ



ਮੰਡੀ ਗੋਬਿੰਦਗੜ੍ਹ, 4 ਮਈ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਦੇ ਸਕੂਲ ਆਫ਼ ਫਾਰਮੇਸੀ ਵੱਲੋਂ ਰੰਗੀਨ ਐਲੂਮਨੀ ਮੀਟ ਕਰਵਾਈ ਗਈ, ਜਿਸ ਵਿੱਚ ਪੁਰਾਣੇ, ਮੌਜੂਦਾ ਵਿਦਿਆਰਥੀ ਤੇ ਅਧਿਆਪਕਾਂ ਨੇ ਭਾਗ ਲਿਆ। ਇਸ ਮੌਕੇ ਜਿਥੇ ਉਨ੍ਹਾਂ ਪੁਰਾਣੀਆਂ ਯਾਦਾਂ ਤੇ ਤਜਰਬੇ ਸਾਂਝੇ ਕੀਤੇ, ਉਥੇ ਉਦਯੋਗ ਦੀਆਂ ਉਮੀਦਾਂ ਤੇ ਲਾਜ਼ਮੀ ਹੁਨਰ ਵਿਕਾਸ ਬਾਰੇ ਵੀ ਚਰਚਾ ਕੀਤੀ, ਜਿਸ ਨਾਲ ਵਿਦਿਆਰਥੀਆਂ ਨੂੰ ਉਚੇ ਲਕਸ਼ ਬਣਾਉਣ ਤੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਹਾਸਲ ਹੋਈ। ਪ੍ਰਿੰਸੀਪਲ ਡਾ. ਪੂਜਾ ਗੁਲਾਟੀ ਨੇ ਸੰਬੋਧਨ ਕਰਦਿਆਂ ਫਾਰਮੇਸੀ ਖੇਤਰ ਵਿੱਚ ਨਿਰੰਤਰ ਸਿੱਖਣ, ਪੇਸ਼ੇਵਰ ਨੈਤਿਕਤਾ ਤੇ ਸਮਰਪਣ ਦੀ ਮਹੱਤਤਾ ਉਤੇ ਜ਼ੋਰ ਦਿੱਤਾ। ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ. ਚਾਂਸਲਰ ਡਾ. ਤਜਿੰਦਰ ਕੌਰ ਨੇ ਇਸ ਕਾਰਜ ਦੀ ਵਧਾਈ ਦਿੰਦਿਆਂ ਸ਼ੁਭਕਾਮਨਾਵਾਂ ਦਿੱਤੀਆਂ। ਵਾਈਸ ਚਾਂਸਲਰ ਪ੍ਰੋ. (ਡਾ.) ਹਰਸ਼ ਸਦਾਵਰਤੀ ਨੇ ਫੈਕਲਟੀ ਦੀ ਪ੍ਰਸ਼ੰਸਾ ਕਰਦੇ ਹੋਏ ਸੰਸਥਾ ਦੇ ਵਿਕਾਸ ਤੇ ਵਿਦਿਆਰਥੀ ਉਨਤੀ ਵਿੱਚ ਐਲੂਮਨੀ ਦੀ ਭੂਮਿਕਾ ਨੂੰ ਉਜਾਗਰ ਕੀਤਾ।

ਈਰਾਨ ਨੇ 16 ਅਮਰੀਕੀ ਫ਼ੌਜੀ ਅੱਡੇ ਤਬਾਹ ਕੀਤੇ

☛ਅਮਰੀਕਾ ਨੇ ਜੰਗ 'ਤੇ 25 ਅਰਬ ਡਾਲਰ ਖ਼ਰਚ ਕੀਤੇ

ਨਵੀਂ ਦਿੱਲੀ, 4 ਮਈ (ਚ.ਨ.ਸ): ਪੱਛਮੀ ਏਸ਼ੀਆ 'ਚ ਈਰਾਨ 'ਤੇ ਥੋਪੀ ਜੰਗ ਦੌਰਾਨ ਅਮਰੀਕੀ ਫ਼ੌਜ ਨੂੰ ਵੀ ਵੱਡਾ ਝਟਕਾ ਲੱਗਿਆ ਹੈ। ਅਮਰੀਕਾ ਦੇ ਪ੍ਰਮੁੱਖ ਮੀਡੀਆ ਅਦਾਰੇ ਸੀਐੱਨਐੱਨ ਦੀ ਰਿਪੋਰਟ ਮੁਤਾਬਿਕ ਈਰਾਨੀ ਹਮਲਿਆਂ ਵਿੱਚ ਪੱਛਮੀ ਏਸ਼ੀਆ ਦੇ 8 ਮੁਲਕਾਂ ਵਿੱਚ ਫੈਲੇ ਅਮਰੀਕਾ ਦੇ ਘੱਟੋ-ਘੱਟ 16 ਫ਼ੌਜੀ ਟਿਕਾਣੇ ਬੁਰੀ ਤਰ੍ਹਾਂ ਨੁਕਸਾਨੇ ਗਏ ਹਨ। ਇਨ੍ਹਾਂ ਵਿੱਚੋਂ ਕਈ ਟਿਕਾਣੇ ਤਾਂ ਵਰਤੋਂ ਦੇ ਯੋਗ ਹੀ ਨਹੀਂ ਰਹੇ। ਸੀਐੱਨਐੱਨ ਨੇ ਸੈਟੇਲਾਈਟ ਤਸਵੀਰਾਂ ਤੇ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਹੈ ਕਿ ਈਰਾਨ ਨੇ ਬਹੁਤ ਹੀ ਸੋਚੀ-ਸਮਝੀ ਰਣਨੀਤੀ ਤਹਿਤ ਅਮਰੀਕਾ ਦੇ ਐਡਵਾਂਸਡ ਰਾਡਾਰ ਸਿਸਟਮ, ਸੰਚਾਰ ਢਾਂਚੇ ਤੇ ਲੜਾਕੂ



ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ। ਅਮਰੀਕੀ ਅਧਿਕਾਰੀਆਂ ਮੁਤਾਬਿਕ ਖੇਤਰ ਵਿੱਚ ਰਾਡਾਰ ਸਿਸਟਮ ਸਭ ਤੋਂ ਮਹਿੰਗੇ ਤੇ ਸੀਮਿਤ ਸਰੋਤ ਹਨ, ਜਿਨ੍ਹਾਂ ਨੂੰ ਮੁੜ ਸਥਾਪਤ ਕਰਨਾ ਬਹੁਤ ਮੁਸ਼ਕਿਲ ਕੰਮ ਹੈ। ਨੁਕਸਾਨ ਦੀ ਪੂਰਤੀ ਬਾਰੇ ਅਮਰੀਕੀ ਪ੍ਰਸ਼ਾਸਨ ਵਿੱਚ ਵੱਖ-ਵੱਖ ਤਰ੍ਹਾਂ ਦੇ ਅੰਕੜੇ ਸਾਹਮਣੇ ਆ ਰਹੇ ਹਨ। ਪੈਂਟਾਗਨ ਦੇ ਕੰਪਟਰੋਲਰ ਜੂਲਿਸ ਜੇਅ ਹਰਸਟ ਤੀਜੇ ਨੇ ਕਾਨੂੰਨ ਘਾੜਿਆਂ ਨੂੰ ਦੱਸਿਆ ਕਿ ਹੁਣ ਤੱਕ ਇਸ ਜੰਗ 'ਤੇ ਅਮਰੀਕਾ ਦੇ 25 ਅਰਬ ਡਾਲਰ ਖ਼ਰਚ ਹੋ ਚੁੱਕੇ ਹਨ, ਹਾਲਾਂਕਿ ਸੀਐੱਨਐੱਨ ਦੀ ਰਿਪੋਰਟ ਮੁਤਾਬਿਕ ਅਸਲ ਨੁਕਸਾਨ ਤੇ ਬੁਨਿਆਦੀ ਢਾਂਚੇ ਦੇ ਮੁੜ ਨਿਰਮਾਣ 'ਤੇ ਖ਼ਰਚਾ 40 ਤੋਂ 50 ਅਰਬ ਡਾਲਰ ਦੇ ਕਰੀਬ ਹੋ ਸਕਦਾ ਹੈ। ਅਮਰੀਕੀ ਕਾਂਗਰਸ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਕਈ ਫ਼ੌਜੀ ਟਿਕਾਣੇ ਇੰਨੀ ਬੁਰੀ ਤਰ੍ਹਾਂ ਤਬਾਹ ਹੋ ਗਏ ਹਨ ਕਿ ਉਨ੍ਹਾਂ ਨੂੰ ਹਮੇਸ਼ਾ ਲਈ ਬੰਦ ਕਰਨਾ ਪੈ ਸਕਦਾ ਹੈ, ਜਦਕਿ ਕੁਝ ਅਹਿਮ ਰਣਨੀਤਕ ਟਿਕਾਣਿਆਂ ਦੀ ਮੁਰੰਮਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਅਕਾਲੀ ਦਲ ਵਾਰਿਸ ਪੰਜਾਬ ਦੇ ਹਲਕਾ ਅਮਲੋਹ ਜਥੇਬੰਦੀ ਦੇ ਮਿਹਨਤੀ ਆਗੂਆਂ ਤੇ ਵਰਕਰਾਂ ਦਾ ਸਨਮਾਨ



ਅਮਲੋਹ, 4 ਮਈ (ਜਸਵੰਤ ਸਿੰਘ): ਅਕਾਲੀ ਦਲ ਵਾਰਿਸ ਪੰਜਾਬ ਦੇ ਹਲਕਾ ਅਮਲੋਹ ਦੇ ਪਿੰਡ ਸੌਂਟੀ ਵਿਖੇ 28 ਅਪ੍ਰੈਲ ਨੂੰ 'ਪੰਥ ਬਚਾਓ, ਪੰਜਾਬ ਬਚਾਓ' ਰੈਲੀ ਵਿੱਚ ਸਖਤ ਮਿਹਨਤ ਕਰਨ ਵਾਲੇ ਪਾਰਟੀ ਦੇ ਆਗੂਆਂ ਤੇ ਵਰਕਰਾਂ ਦਾ ਅਕਾਲੀ ਦਲ ਵਾਰਿਸ ਪੰਜਾਬ ਦੇ ਸੀਨੀਅਰ ਆਗੂ ਜਥੇਦਾਰ ਲਖਵੀਰ ਸਿੰਘ ਖਾਲਸਾ ਸੌਂਟੀ ਨੇ ਸਤਿਕਾਰ ਕਰਦੇ ਹੋਏ ਵਿਸ਼ੇਸ਼ ਸਨਮਾਨ ਕੀਤਾ। ਉਨ੍ਹਾਂ ਕਿਹਾ ਕਿ ਵਰਕਰ ਹੀ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਉਨ੍ਹਾਂ ਵੱਲੋਂ ਨਿਰਸਵਾਰਥ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਦਿਨ-ਰਾਤ ਮਿਹਨਤ ਕੀਤੀ, ਜਿਸ ਲਈ ਉਹ ਸਦਾ ਇਨ੍ਹਾਂ ਦੇ ਰਿਣੀ ਰਹਿਣਗੇ। ਇਨ੍ਹਾਂ ਆਗੂਆਂ ਤੇ ਵਰਕਰਾਂ ਵਿੱਚ ਬਲਾਕ ਅਮਲੋਹ ਦੇ ਪ੍ਰਧਾਨ ਜਸਪਾਲ ਸਿੰਘ ਸਲਾਣਾ, ਸੀਨੀਅਰ ਮੀਤ ਪ੍ਰਧਾਨ ਬਾਬਾ ਪ੍ਰੀਤਮ ਸਿੰਘ ਭੋਲੀਆ, ਜਰਨਲ ਸਕੱਤਰ ਚਰਨ ਸਿੰਘ ਭੱਦਲਥੂਹਾ, ਜਨਰਲ ਸਕੱਤਰ ਕੁਲਦੀਪ ਸਿੰਘ ਮੰਡੀ ਗੋਬਿੰਦਗੜ੍ਹ, ਪ

ਮਜ਼ਦੂਰ ਦਿਵਸ ਮੌਕੇ ਕਰਮਵੀਰਾਂ ਨੂੰ ਸਮਰਪਿਤ ਵਿਸ਼ੇਸ਼ ਸਮਾਗਮ



ਬਰਨਾਲਾ, 4 ਮਈ (ਹਮੀਰ ਸਿੰਘ) : ਬੀਵੀਐਮ ਇੰਟਰਨੈਸ਼ਨਲ ਸਕੂਲ ਵਿੱਚ ਮਜ਼ਦੂਰ ਦਿਵਸ ਦੇ ਉਪਲੱਖ ਵਿੱਚ ਇਕ ਬਹੁਤ ਹੀ ਭਾਵੁਕ ਅਤੇ ਪ੍ਰੇਰਣਾਦਾਇਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਕੂਲ ਦੇ ਸਹਾਇਕ ਕਰਮਚਾਰੀਆਂ—ਮੈਡ, ਡਰਾਈਵਰ, ਗੇਟਮੈਨ, ਮਾਲੀ ਅਤੇ ਹੋਰ ਸਟਾਫ ਪ੍ਰਤੀ ਸਨਮਾਨ ਅਤੇ ਧੰਨਵਾਦ ਪ੍ਰਗਟ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਆਪਣੇ ਪਿਆਰ ਅਤੇ ਕ੍ਰਿਤਜਤਾ ਨੂੰ ਵਿਲੱਖਣ ਢੰਗ ਨਾਲ ਦਰਸਾਉਂਦੇ ਹੋਏ ਇਨ੍ਹਾਂ ਕਰਮਵੀਰਾਂ ਨੂੰ ਧੰਨਵਾਦ ਕਾਰਡ ਭੇਟ ਕੀਤੇ ਅਤੇ ਉਨ੍ਹਾਂ ਦੇ ਯੋਗਦਾਨ ਦੀ ਦਿਲੋਂ ਪ੍ਰਸ਼ੰਸਾ ਕੀਤੀ। ਪ੍ਰੋਗਰਾਮ ਦਾ ਮਾਹੌਲ ਸੰਵੇਦਨਸ਼ੀਲਤਾ ਅਤੇ ਸਤਿਕਾਰ ਨਾਲ ਭਰਪੂਰ ਸੀ। ਸਕੂਲ ਵੱਲੋਂ ਵੀ ਸਾਰੇ ਸਹਾਇਕ ਕਰਮਚਾਰੀਆਂ ਨੂੰ ਵਿਸ਼ੇਸ਼ ਤੋਹਫ਼ੇ ਭੇਟ ਕੀਤੇ ਗਏ, ਜਿਸ ਨਾਲ ਉਨ੍ਹਾਂ ਪ੍ਰਤੀ ਸਨਮਾਨ ਅਤੇ ਪ੍ਰਸ਼ੰਸਾ ਨੂੰ ਹੋਰ ਮਜ਼ਬੂਤੀ ਮਿਲੀ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੂੰ ਮਿਹਨਤ ਦੀ ਮਹੱਤਤਾ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਨੇ ਬੱਚਿਆਂ ਵਿੱਚ ਸਹਾਨਭੂਤੀ, ਕ੍ਰਿਤਜਤਾ ਅਤੇ ਨਿਮਰਤਾ ਵਰਗੇ ਗੁਣਾਂ ਨੂੰ ਵਿਕਸਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ। ਸਕੂਲ ਪ੍ਰਬੰਧਕਾਂ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਮਜ਼ਦੂਰ ਸਮਾਜ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅਤੇ ਉਨ੍ਹਾਂ ਤੋਂ ਬਿਨਾਂ ਕਿਸੇ ਵੀ ਸੰਸਥਾ ਦਾ ਸੁਚਾਰੂ ਚੱਲਣਾ ਸੰਭਵ ਨਹੀਂ। ਇਸ ਤੋਂ ਬਾਅਦ ਸਕੂਲ ਦੀ ਪ੍ਰਿੰਸੀਪਲ ਨੇ ਆਪਣੇ ਸੰਬੋਧਨ ਵਿੱਚ ਕਿਹਾ, ਮਿਹਨਤ ਦਾ ਸਤਿਕਾਰ ਕਰਨਾ ਹਰ ਇਕ ਵਿਅਕਤੀ ਦਾ ਫਰਜ ਹੈ। ਇਸ ਤਰ੍ਹਾਂ, ਬੀਵੀਐਮ ਇੰਟਰਨੈਸ਼ਨਲ ਸਕੂਲ ਵਿੱਚ ਮਨਾਇਆ ਗਿਆ ਮਜ਼ਦੂਰ ਦਿਵਸ ਸਿਰਫ਼ ਇੱਕ ਰਸਮੀ ਸਮਾਗਮ ਨਹੀਂ ਸੀ, ਸਗੋਂ ਇਹ ਮਨੁੱਖੀ ਮੁੱਲਾਂ, ਸੰਵੇਦਨਸ਼ੀਲਤਾ ਅਤੇ ਕ੍ਰਿਤਜਤਾ ਦਾ ਮਜ਼ਬੂਤ ਸੰਦੇਸ਼ ਬਣ ਕੇ ਸਾਹਮਣੇ ਆਇਆ।

ਤਿਲਕ ਰਾਮ ਆਰੀਆ ਸਮਾਜ ਬਰਨਾਲਾ ਦੇ ਪ੍ਰਧਾਨ ਵਜੋਂ ਤੀਜੀ ਵਾਰ ਸਰਬਸੰਮਤੀ ਨਾਲ ਚੁਣੇ



ਬਰਨਾਲਾ, 4 ਮਈ (ਬਘੇਲ ਸਿੰਘ ਧਾਲੀਵਾਲ) : ਅੰਤਰਰਾਸ਼ਟਰੀ ਯੱਗ ਦਿਵਸ ਮੌਕੇ ਆਰੀਆ ਸਮਾਜ ਬਰਨਾਲਾ ਵਿਖੇ ਹਫਤਾਵਾਰੀ ਸਤਿਸੰਗ ਕਰਵਾਇਆ ਗਿਆ। ਇਸ ਤੋਂ ਤੁਰੰਤ ਬਾਅਦ ਆਰੀਆ ਸਭਾ ਮੈਂਬਰਾ ਦੀ ਹਾਜ਼ਰੀ ਵਿੱਚ ਸਾਲ 2026-27 ਲਈ ਸਾਲਾਨਾ ਚੋਣ ਪ੍ਰਕਿਰਿਆ ਗਾਇਤਰੀ ਮਹਾਂਮੰਤਰ ਦੇ ਜਾਪ ਨਾਲ ਸ਼ੁਰੂ ਕੀਤੀ ਗਈ। ਉਸ ਤੋਂ ਬਾਅਦ ਖਜ਼ਾਨਚੀ ਭਾਰਤ ਇੰਦੂ ਗੁਪਤਾ ਨੇ ਸਾਲ 2025-26 ਦਾ ਆਮਦਨ-ਖਰਚ ਦਾ ਵੇਰਵਾ ਪੇਸ਼ ਕੀਤਾ, ਜਿਸ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਗਿਆ। ਚੋਣ ਪ੍ਰਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਸੇਵਾਮੁਕਤ ਪ੍ਰਿੰਸੀਪਲ ਰਾਜ ਮਹਿੰਦਰ ਸ਼ਰਮਾ ਨੂੰ ਸਰਬਸੰਮਤੀ ਨਾਲ ਨਿਯੁਕਤ ਕੀਤਾ ਗਿਆ। ਰਾਜ ਮਹਿੰਦਰ ਸ਼ਰਮਾ ਨੇ ਚੋਣ ਪ੍ਰਕਿਰਿਆ ਨੂੰ ਅੱਗੇ ਵਧਾਉਂਦੇ ਹੋਏ ਹਾਜ਼ਰ ਸਭਾ ਮੈਂਬਰਾ ਨੂੰ ਪ੍ਰਧਾਨਗੀ ਦੇ ਅਹੁਦੇ ਲਈ ਨਾਂ ਪੇਸ਼ ਕਰਨ ਦੀ ਬੇਨਤੀ ਕੀਤੀ। ਸਰਬਸੰਮਤੀ ਨਾਲ ਹਾਜ਼ਰ ਸਭਾ ਮੈਂਬਰਾਂ ਵੱਲੋਂ ਪ੍ਰਧਾਨਗੀ ਦੇ ਅਹੁਦੇ ਲਈ ਤਿਲਕ ਰਾਮ ਜੀ ਦਾ ਨਾਮ ਪੇਸ਼ ਕੀਤਾ ਗਿਆ; ਜਿਸ ਨੂੰ ਸਾਰੇ ਸਭਾ ਮੈਂਬਰਾ ਨੇ ਤਾਲੀਆਂ ਦੀ ਗੂੰਜ ਨਾਲ ਸਵੀਕਾਰ ਕਰ ਲਿਆ,ਅਤੇ ਸਦਨ ਦੁਆਰਾ ਤਿਲਕ ਰਾਮ ਜੀ ਨੂੰ ਆਪਣੀ ਕਾਰਜਕਾਰਨੀ ਗਠਿਤ ਕਰਨ ਦਾ ਅਧਿਕਾਰ ਵੀ ਦੇ ਦਿੱਤਾ ਗਿਆ।ਇਸ ਤਰ੍ਹਾਂ ਤਿਲਕ ਰਾਮ ਤੀਜੀ ਵਾਰ ਸਰਵਸੰਮਤੀ ਨਾਲ ਆਰੀਆ ਸਮਾਜ ਦੇ ਪ੍ਰਧਾਨ ਚੁਣੇ ਗਏ। ਇਸ ਮੌਕੇ 'ਤੇ ਸੰਜੀਵ ਸ਼ੌਰੀ, ਕੇਵਲ ਜਿੰਦਲ, ਦੇਵਿੰਦਰ ਚੱਢਾ, ਰਾਜੇਸ਼ ਗਾਂਧੀ, ਚਰਨਜੀਤ ਸ਼ਰਮਾ, ਪਰਮਜੀਤ ਭਾਰਦਵਾਜ, ਸਤੀਸ਼ ਸਿੰਧਵਾਨੀ, ਰਾਜੀਵ ਬਰਨਾਲਾ, ਭਾਰਤ ਇੰਦੂ ਗੁਪਤਾ, ਰਾਮ ਚੰਦਰ ਆਰੀਆ, ਵਿਜੇ ਆਰੀਆ, ਰਾਮ ਕੁਮਾਰ ਸੋਬਤੀ, ਰਾਮ ਲਖਨ, ਪ੍ਰਦੀਪ ਗੋਇਲ, ਗੌਰਵ ਆਰੀਆ, ਪ੍ਰਦੀਪ ਸੀ.ਏ., ਕੁਲਦੀਪ ਜੋਸ਼ੀ, ਗਿਆਨ ਚੰਦ ਸ਼ੇਰਪੁਰ ਬਾਲੇ, ਬਸੰਤ ਗੋਇਲ, ਸ਼੍ਰੀਚੰਦ ਵਰਮਾ, ਪ੍ਰਹਿਲਾਦ ਮੇਨਨ, ਮੋਹਿਤ ਸ਼ਰਮਾ, ਦੇਵੇਂਦਰ ਆਰੀਆ ਆਦਿ ਵੀ ਹਾਜ਼ਰ ਸਨ।

ਆਰਟ ਪ੍ਰਤੀਯੋਗਤਾ 'ਚ ਬੱਚਿਆਂ ਨੇ ਕੀਤਾ ਆਪਣੀ ਕਲਾ ਦਾ ਪ੍ਰਦਰਸ਼ਨ



ਧਨੌਲਾ, 4 ਮਈ (ਚਮਕੌਰ ਸਿੰਘ ਗੱਗੀ) : ਗਰੀਨ ਫ਼ੀਲਡ ਕਾਨਵੈਂਟ ਸਕੂਲ ਦਾਨਗੜ੍ਹ ਵਿਖੇ ਛੋਟੇ ਬੱਚਿਆਂ ਅੰਦਰ ਆਰਟ ਪ੍ਰਤੀ ਦਿਲਚਸਪੀ ਵਧਾਉਣ ਅਤੇ ਕਲਾ ਨੂੰ ਨਿਖਾਰਣ ਵਾਸਤੇ ਅੱਜ ਇੰਚਾਰਜ ਅਜਿੰਦਰਪਾਲ ਟਿਵਾਣਾ ਦੀ ਅਗਵਾਈ ਹੇਠ ਕਰਵਾਈ ਗਈ ਆਰਟ ਪ੍ਰਤੀਯੋਗਤਾ ਵਿੱਚ ਛੋਟੇ-ਛੋਟੇ ਬੱਚਿਆਂ ਨੇ ਆਪਣੀ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਬੱਚਿਆਂ ਨੇ ਉਤਸ਼ਾਹ ਤੇ ਜੋਸ਼ ਨਾਲ ਪ੍ਰਤੀਯੋਗਤਾ ਵਿੱਚ ਭਾਗ ਲਿਆ। ਇਸ ਦੌਰਾਨ ਮੈਡਮ ਰੁਪਿੰਦਰ ਸ਼ਰਮਾ ਨੇ ਬੱਚਿਆਂ ਦਾ ਮਾਰਗ ਦਰਸ਼ਨ ਕਰਦੇ ਹੋਏ ਵੱਖ-ਵੱਖ ਰੰਗਾਂ ਦੇ ਫਲਾਂ ਦੇ ਆਕਾਰ ਲੈ ਕੇ ਉਨ੍ਹਾਂ ਦੇ ਡਿਜ਼ਾਇਨ ਤਿਆਰ ਕਰਵਾਏ। ਜਿਸ ਵਿੱਚ ਬੱਚਿਆਂ ਨੇ ਆਪਣੀ ਸਮਝ ਤੋਂ ਕੰਮ ਲੈਂਦੇ ਹੋਏ ਦਿਲਖਿੱਚਵੇਂ ਚਿੱਤਰ ਰੂਪੀ ਡਿਜ਼ਾਈਨ ਤਿਆਰ ਕੀਤੇ। ਜਿਨ੍ਹਾਂ ਬੱਚਿਆਂ ਨੇ ਸਭ ਤੋਂ ਵੱਧ ਖੂਬਸੂਰਤੀ ਨਾਲ ਆਪਣੀ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਇਸ ਪ੍ਰਤੀਯੋਗਤਾ ਨੂੰ ਨੇਪਰੇ ਚੜ੍ਹਾਉਂਦੇ ਹੋਏ ਵਧੀਆ ਕਾਰਗੁਜ਼ਾਰੀ ਦਿਖਾਈ ਉਨ੍ਹਾਂ ਦੀ ਵਿਸ਼ੇਸ਼ ਤੌਰ 'ਤੇ ਹੌਸਲਾ ਅਫ਼ਜਾਈ ਕੀਤੀ ਗਈ। ਇਸ ਮੌਕੇ ਚੇਅਰਮੈਨ ਸ: ਸੁਖਮਿੰਦਰ ਸਿੰਘ ਗਿੱਲ ਨੇ ਕਿਹਾ ਕਿ ਅਜਿਹੇ ਮੌਕੇ ਪ੍ਰਦਾਨ ਕਰਨ ਨਾਲ ਬੱਚਿਆਂ ਅੰਦਰ ਕੁੱਝ ਨਵਾਂ ਸਿੱਖਣ ਦੀ ਭਾਵਨਾ ਪੈਦਾ ਹੁੰਦੀ ਹੈ। ਜਿਸ ਨਾਲ ਉਹ ਪ੍ਰੈਕਟੀਕਲ ਗਿਆਨ ਹਾਸਿਲ ਕਰਕੇ ਆਪਣਾ ਚੰਗਾ ਭਵਿੱਖ ਬਣਾ ਸਕਦੇ ਹਨ। ਇਸ ਮੌਕੇ ਪ੍ਰਿੰਸੀਪਲ ਪ੍ਰੀਤ ਕਮਲ ਸ਼ਰਮਾ, ਵਾਈਸ ਪ੍ਰਿੰਸੀਪਲ ਜਸਵੀਰ ਕੌਰ, ਮੈਡਮ ਜਸਪ੍ਰੀਤ ਤੇ ਹਰਮੋਹਨ ਕੌਰ ਆਦਿ ਹਾਜ਼ਰ ਸਨ।

ਬਰਨਾਲਾ ਵਿਖੇ ਭਾਜਪਾ ਨੇ ਲੱਡੂ ਵੰਡ ਕੇ ਜਿੱਤ ਦਾ ਜਸ਼ਨ ਮਨਾਇਆ



ਬਰਨਾਲਾ , 4 ਮਈ (ਬਘੇਲ ਸਿੰਘ ਧਾਲੀਵਾਲ) : ਦੇਸ਼ ਦੇ ਵੱਖ-ਵੱਖ ਰਾਜਾਂ ਪੱਛਮੀ ਬੰਗਾਲ ਅਤੇ ਅਸਾਮ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਮਿਲੀ ਵੱਡੀ ਸਫਲਤਾ ਦੀ ਖੁਸ਼ੀ ਵਿੱਚ ਬਰਨਾਲਾ ਵਿਖੇ ਭਾਜਪਾ ਵੱਲੋਂ ਲੱਡੂ ਵੰਡ ਕੇ ਜਸ਼ਨ ਮਨਾਇਆ ਗਿਆ। ਇਸ ਮੌਕੇ ਪੰਜਾਬ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਕੇਵਲ ਸਿੰਘ ਢਿੱਲੋਂ, ਸਾਬਕਾ ਸੂਬਾ ਪ੍ਰਧਾਨ ਵਿਜੇ ਸਾਂਪਲਾ ਅਤੇ ਜ਼ਿਲ੍ਹਾ ਪ੍ਰਧਾਨ ਯਾਦਵਿੰਦਰ ਸ਼ੰਟੀ, ਜਨਰਲ ਸਕੱਤਰ ਨਰਿੰਦਰ ਗਰਗ ਨੀਟਾ, ਪ੍ਰਧਾਨ ਐਸ ਸੀ ਮੋਰਚਾ ਧਰਮ ਸਿੰਘ ਫੌਜੀ, ਸਮੇਤ ਵੱਡੀ ਗਿਣਤੀ ਵਿੱਚ ਅਹੁਦੇਦਾਰ ਅਤੇ ਵਰਕਰ ਹਾਜ਼ਰ ਰਹੇ।

ਇਸ ਮੌਕੇ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਜਿੱਤ ਭਾਜਪਾ ਦੀਆਂ ਲੋਕ-ਹਿਤੈਸ਼ੀ ਨੀਤੀਆਂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀ ਯੋਗ ਅਗਵਾਈ 'ਤੇ ਲੋਕਾਂ ਦੇ ਭਰੋਸੇ ਦੀ ਮੋਹਰ ਹੈ। ਉਨ੍ਹਾਂ ਕਿਹਾ ਕਿ ਇਹ ਨਤੀਜੇ ਸਾਫ਼ ਦਰਸਾਉਂਦੇ ਹਨ ਕਿ ਦੇਸ਼ ਦੀ ਜਨਤਾ ਵਿਕਾਸ, ਸੁਸ਼ਾਸਨ ਅਤੇ ਸਥਿਰ ਸਰਕਾਰ ਨੂੰ ਤਰਜੀਹ ਦੇ ਰਹੀ ਹੈ। ਉਹਨਾਂ ਕਿਹਾ ਕਿ ਜਿਹੜੇ ਰਾਜਾਂ ਵਿੱਚ ਭਾਜਪਾ ਸਰਕਾਰ ਹੈ, ਉਥੇ ਖ਼ੂਬ ਤਰੱਕੀ ਹੋ ਰਹੀ ਹੈ। ਕਿਉਂਕਿ ਭਾਜਪਾ ਦੀ ਵਿਕਾਸ ਵਾਲੀ ਨੀਤੀ ਉਹਨਾਂ ਰਾਜਾਂ ਨੂੰ ਯੋਗ ਅਗਵਾਈ ਦੇ ਰਹੀ ਹੈ। ਕੇਵਲ ਢਿੱਲੋਂ ਨੇ ਕਿਹਾ ਕਿ ਪੱਛਮੀ ਬੰਗਾਲ ਅਤੇ ਆਸਾਮ ਤੋਂ ਬਾਅਦ ਹੁਣ ਪੰਜਾਬ ਦੀ ਵਾਰੀ ਹੈ। ਸਾਡਾ ਸੂਬਾ ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਅੱਜ ਨਸ਼ੇ, ਗੈਂਗਸਟਰਾਂ, ਕ੍ਰਾਈਮ, ਆਰਥਿਕ ਸੰਕਟ, ਵਰਗੀਆਂ ਵੱਡੀਆਂ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਇਸ ਸਭ ਦੇ ਖ਼ਾਤਮੇ ਦਾ ਇੱਕੋ ਇੱਕ ਹੱਲ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਹੈ। ਉਹਨਾਂ ਕਿਹਾ ਕਿ 2027 ਚੋਣਾਂ ਲਈ ਭਾਜਪਾ ਪੂਰੇ ਦਮ ਖ਼ਮ ਨਾਲ ਅੱਗੇ ਆਵੇਗੀ ਅਤੇ ਸਰਕਾਰ ਬਣਾਵੇਗੀ। ਪ੍ਰੋਗਰਾਮ ਦੌਰਾਨ ਭਾਜਪਾ ਵਰਕਰਾਂ ਵਿੱਚ ਭਰਪੂਰ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਜਿੱਤ ਨੂੰ ਲੈ ਕੇ ਨਾਅਰੇਬਾਜ਼ੀ ਵੀ ਕੀਤੀ ਗਈ।

ਭਦੌੜ 'ਚ ਹੋ ਰਹੇ ਨਾਜਾਇਜ਼ ਕਬਜ਼ਿਆਂ ਵਿਰੁੱਧ ਲੋਕਾਂ ਨੇ ਕੀਤੀ ਇਕੱਤਰਤਾ



ਭਦੌੜ, 4 ਮਈ (ਸੁਖਵਿੰਦਰ ਪਲਾਹਾ) : ਅੱਜ ਗੁਰਦੁਆਰਾ ਸਾਹਿਬ ਬਾਬਾ ਜੀਵਨ ਸਿੰਘ ਭਦੌੜ ਵਿਖੇ ਮੁਹੱਲਾ ਨੈਣੇਵਾਲਾ ਅਤੇ ਸਮੂਹ ਨਗਰ ਨਿਵਾਸੀ ਭਦੌੜ ਦਾ ਸਾਂਝਾ ਇਕੱਠ ਹੋਇਆ ,ਜਿਸ ਵਿਚ ਭਦੌੜ ਵਿੱਚ ਭਦੌੜ ਦੀਆਂ ਸਾਰੀਆਂ ਹੀ ਸਰਗਰਮ ਕਿਸਾਨ ਜਥੇਬੰਦੀਆਂ ਅਤੇ ਮਜ਼ਦੂਰ ਜਥੇਬੰਦੀਆਂ ਨੇ ਹਿੱਸਾ ਲਿਆ। ਮੀਟਿੰਗ ਵਿੱਚ ਭਦੌੜ ਅੰਦਰ ਹੋ ਰਹੇ ਨਾਜਾਇਜ਼ ਕਬਜ਼ਿਆਂ ਸਬੰਧੀ ਬਹੁਤ ਗੰਭੀਰ ਚਰਚਾ ਹੋਈ, ਕਿਉਂਕਿ ਸਮੁੱਚੇ ਨਗਰ ਵਿੱਚ ਸਾਂਝੀਆਂ ਥਾਵਾਂ ਉੱਪਰ ਲਾਲਚੀ ਲੋਕਾਂ ਵੱਲੋਂ ਨਾਜਾਇਜ਼ ਕਬਜ਼ੇ ਕੀਤੇ ਜਾ ਰਹੇ ਹਨ। ਇਕੱਤਰਤਾ ਵਿੱਚ ਵਿਚਾਰ ਪੇਸ਼ ਕਰਦਿਆਂ ਸਮੁੱਚੇ ਰੂਪ ਵਿੱਚ ਇਹ ਸਹਿਮਤੀ ਹੋਈ ਕਿ ਨਗਰ ਦੀਆਂ ਸਾਂਝੀਆਂ ਥਾਵਾਂ ਉੱਪਰ ਕਿਸੇ ਵੀ ਕੀਮਤ ਉਤੇ ਕਬਜ਼ੇ ਨਹੀਂ ਹੋਣ ਦਿੱਤੇ ਜਾਣਗੇ। ਅੱਜ ਦੀ ਇਕੱਤਰਤਾ ਪ੍ਰਸ਼ਾਸਨ ਤੋਂ ਮੰਗ ਕਰਦੀ ਹੈ ਕਿ ਇਹੋ ਜਿਹੀਆਂ ਸਾਂਝੀਆਂ ਥਾਵਾਂ 'ਤੇ ਕਬਜ਼ੇ ਕਰਨ ਵਾਲੇ ਭੂ ਮਾਫੀਆ ਨੂੰ ਨਕੇਲ ਪਾਵੇ, ਨਹੀਂ ਤਾਂ ਸਮੁੱਚੀਆਂ ਜਥੇਬੰਦੀਆਂ ਵੱਲੋਂ ਨਗਰ ਨਿਵਾਸੀਆਂ ਨੂੰ ਨਾਲ ਲੈਕੇ ਸੰਘਰਸ਼ ਵਿੱਢਣ ਲਈ ਮਜਬੂਰ ਹੋਣਾ ਪਵੇਗਾ ,ਜਿਸ ਦੀ ਜ਼ਿੰਮੇਵਾਰੀ ਪੁਲਿਸ ਪ੍ਰਸ਼ਾਸਨ ਦੀ ਹੋਵੇਗੀ।ਸਮੂਹ ਆਗੂਆਂ ਨੇ ਨਾਜਾਇਜ਼ ਕਬਜ਼ੇ ਨਹੀਂ ਹੋਣ ਦਾ ਪ੍ਰਣ ਲਿਆ,ਤੇ ਕਿਹਾ ਕਿ ਨਗਰ ਦੀਆਂ ਸਾਂਝੀਆਂ ਥਾਵਾਂ ਸਾਂਝੇ ਕੰਮਾਂ ਲਈ ਵਰਤੀਆਂ ਜਾਣ।ਅੱਜ ਦੀ ਇਕੱਤਰਤਾ ਵਿੱਚ ਹੋਰ ਆਗੂਆਂ ਤੋਂ ਇਲਾਵਾ ਰਾਮ ਸਿੰਘ ਪ੍ਰਧਾਨ,ਮੇਜਰ ਸਿੰਘ, ਨਛੱਤਰ ਸਿੰਘ, ਬੂਟਾ ਸਿੰਘ, ਜੋਗਿੰਦਰ ਸਿੰਘ, ਗੁਰਬਚਨ ਸਿੰਘ, ਪ੍ਰਿਥੀ ਸਿੰਘ, ਸੁਖਪਾਲ ਸਿੰਘ, ਸੁਰਜੀਤ ਸਿੰਘ ਨਛੱਤਰ ਸਿੰਘ, ਮਹਿੰਦਰ ਸਿੰਘ, ਕੁਲਵੰਤ ਸਿੰਘ, ਬਲਵਿੰਦਰ ਸਿੰਘ,ਨਿੱਕਾ ਸਿੰਘ, ਜਗਦੇਵ ਸਿੰਘ, ਗੁਰਮੇਲ ਕੌਰ, ਜਸਵੀਰ ਕੌਰ, ਕਰਮਜੀਤ ਕੌਰ,ਲਾਭ ਕੌਰ,ਬੀਰੀ ਕੌਰ,ਜਰਨੈਲ ਕੌਰ,ਮਾਇਆ ਕੌਰ,ਛਿੰਦਰ ਕੌਰ,ਪਰਮਜੀਤ ਕੌਰ ਤੋਂ ਇਲਾਵਾ ਕਿਸਾਨ ਯੂਨੀਅਨ ਵੱਲੋਂ ਕੁਲਵੰਤ ਸਿੰਘ ਮਾਨ, ਅਮਨਦੀਪ ਸਿੰਘ ਟਿੰਕੂ, ਮਿੰਟੂ ਬਾਵਾ,ਚਰਨੀ ਧਾਲੀਵਾਲ, ਵਿਸਾਖਾ ਸਿੰਘ,ਦਰਸ਼ਨ ਸਿੰਘ ਉੱਗੋਕੇ ਵੀ ਹਾਜ਼ਰ ਸਨ।

ਜ਼ਿਲ੍ਹਾ ਰੈਡ ਕ੍ਰਾਸ ਸੁਸਾਇਟੀ ਵੱਲੋਂ ਸਿਹਤ ਜਾਂਚ ਕੈਂਪ 8 ਮਈ ਤੋਂ : ਵਿਵੇਕ ਕੁਮਾਰ ਮੋਦੀ



ਬਰਨਾਲਾ, 4 ਮਈ (ਬਘੇਲ ਸਿੰਘ ਧਾਲੀਵਾਲ): ਡਿਪਟੀ ਕਮਿਸ਼ਨਰ ਸਹਿਤ ਪ੍ਰਧਾਨ ਇੰਡੀਅਨ ਰੈੱਡ ਕਰਾਸ ਸੋਸਾਇਟੀ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਦਫ਼ਤਰ ਇੰਡੀਅਨ ਰੈੱਡ ਕਰਾਸ ਸੋਸਾਇਟੀ ਬਰਨਾਲਾ ਵੱਲੋਂ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਵਿਚ ਮੈਡੀਕਲ ਖਾਸ ਕਰਕੇ ਅੱਖਾਂ ਦੇ ਚੈੱਕਅਪ ਕੈਂਪ ਅਤੇ ਵੱਖ ਵੱਖ ਸੇਵਾਵਾਂ ਦੇ ਕੈਂਪ ਸ਼ੁਰੂ ਕੀਤੇ ਜਾ ਰਹੇ ਹਨ। ਇਸ ਸਬੰਧੀ ਅੱਜ ਵੱਖ ਵੱਖ ਵਿਭਾਗਾਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਵਿਵੇਕ ਕੁਮਾਰ ਮੋਦੀ ਨੇ ਦੱਸਿਆ ਕਿ ਪਹਿਲਾ ਕੈਂਪ 8 ਮਈ ਦਿਨ ਸ਼ੁੱਕਰਵਾਰ ਨੂੰ ਮੁੱਖ ਗੁਰਦੁਆਰਾ ਸਾਹਿਬ ਕਰਮਗੜ੍ਹ ਵਿਖੇ ਸਵੇਰੇ 10 ਵਜੇ ਤੋਂ ਸ਼ਾਮ 3 ਵਜੇ ਤਕ ਲਾਇਆ ਜਾ ਰਿਹਾ ਹੈ। ਇਸ ਮਗਰੋਂ ਮੁੱਖ ਗੁਰਦੁਆਰਾ ਸਾਹਿਬ ਕਾਲੇਕੇ, (ਧਨੌਲਾ) 13 ਮਈ ਨੂੰ, ਮੁੱਖ ਗੁਰਦੁਆਰਾ ਸਾਹਿਬ ਢਿੱਲਵਾਂ, (ਤਪਾ) 20 ਮਈ ਨੂੰ, ਮੁੱਖ ਗੁਰਦੁਆਰਾ ਸਾਹਿਬ ਕੱਟੂ, (ਧਨੌਲਾ) 28 ਮਈ ਨੂੰ ਕੈਂਪ ਲਾਇਆ ਜਾ ਰਿਹਾ ਹੈ। ਓਹਨਾਂ ਦੱਸਿਆ ਕਿ ਇਨ੍ਹਾਂ ਕੈਂਪਾਂ ਵਿੱਚ ਅੱਖਾਂ ਦਾ ਚੈੱਕਅਪ, ਜਨਰਲ ਮੈਡੀਕਲ ਚੈੱਕਅਪ ਤੋਂ ਇਲਾਵਾ ਪੈਨਸ਼ਨ ਸਕੀਮ, ਆਸ਼ੀਰਵਾਦ ਸਕੀਮ, ਮੁੱਖ ਮੰਤਰੀ ਸਿਹਤ ਯੋਜਨਾ, ਕਿਰਤ ਵਿਭਾਗ ਦੇ ਕਾਰਡ ਤੋਂ ਇਲਾਵਾ ਅਧਾਰ ਕਾਰਡ, ਜਾਤੀ, ਆਮਦਨ ਤੇ ਹੋਰ ਸਰਟੀਫਿਕੇਟਾਂ ਲਈ ਅਪਲਾਈ ਕੀਤਾ ਜਾ ਸਕਦਾ ਹੈ।

ਓਹਨਾਂ ਵੱਖ ਵੱਖ ਵਿਭਾਗਾਂ ਨੂੰ ਸਕੀਮਾਂ ਅਤੇ ਸੇਵਾਵਾਂ ਬਾਰੇ ਕਾਊਂਟਰ ਲਾਉਣ ਅਤੇ ਸਬੰਧਤ ਪਿੰਡ ਤੇ ਇਲਾਕੇ ਦੇ ਲੋਕਾਂ ਨੂੰ ਕੈਂਪਾਂ ਬਾਰੇ ਵੱਧ ਤੋਂ ਵੱਧ ਜਾਗਰੂਕ ਕਰਨ ਦੇ ਨਿਰਦੇਸ਼ ਦਿੱਤੇ। ਇਸ ਮੌਕੇ ਸਕੱਤਰ ਰੈਡ ਕ੍ਰਾਸ ਸੋਸਾਇਟੀ ਬਰਨਾਲਾ ਸਰਵਣ ਸਿੰਘ ਨੇ ਕੈਂਪਾਂ ਦੀ ਰੂਪ ਰੇਖਾ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸਿਵਲ ਸਰਜਨ ਡਾ. ਹਰੀਪਾਲ ਸਿੰਘ, ਜ਼ਿਲ੍ਹਾ ਸਮਾਜਿਕ ਅਤੇ ਨਿਆਂ ਤੇ ਅਧਿਕਾਰਤਾ ਅਫ਼ਸਰ ਗੁਰਿੰਦਰਜੀਤ ਸਿੰਘ, ਸ੍ਰੀ ਸੰ

ਸਿਰਲੇਖਵਾਰ ਇਸ਼ਤਿਹਾਰ /Classified Advertisement

(U/o 5 Rule 20 CPC)
In the court of Dr. Ambika Sharma Civil Judge Jr. Div.,Chandigarh
CNR No.CHCH02-002833-2026
Next Date: 24.07.2026
Sarita Sood
Versus
General Public
Notice to: General Public:- UT CHD
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 24.07.2026 at 10:00 A.M.
For details logon to https://highcourtchd.gov.in/?trs=district_ notice &district=Chandigarh
Dated this day of 28-04-2026
Sd/- Civil Judge Jr. Div.,Chandigarh

PLA (Pus)2026/174
Dt. 28/04/2026
Before The Hon'ble Chairman Permanent Lok Adalat, (Public Utility Services), Sector 43, Chandigarh
Application_____of 2025
Next Date:14.05.2026
Punjab National Bank
Versus
Dipak Son of Sh.Samle
Recovery Of Outstanding Amount Against The Respondent Rs. 2.51.382.61/Including Interest As Calculated Upto 06.02.2026 @ 14.50% P.A. With Monthly Rest (Including Penal Interest @2% Pa)
Notice to : Dipak son of sh. samle. r/ o. house no. 126, village-palsoura, sector 55. chandigarh.
Whereas it has been proved to the satisfaction of this hon'ble court that the respondent/borrower cannot be served in the ordinary way. hence this publication is ordered under 5 rule 20 cpc is hereby issued against respondent in the above titled case so that general public can be served. it is ordered that respondent should be served through publication and appears personally or through counsel on14/05/2026 at 11:00am.
In case you failed to appear on the aforesaid date it would be presumed that you have nothing to say and the case will be decided on merits.
Given under my hand and seal of the court this day of 28/04/2086
Sd/- S.K.Sachdeva/Chairman Permanent Lok Adalat (Public Utility Services) Sector 43, Chandigarh

---

(U/o 5 Rule 20 CPC)
In The Court of Sh. Amanpreet Singh
Additional Principal Judge Family Court, Kharar
CNR NO. PBSAF2-000270-2025
Next Date: 20.05.2026
Harpreet Kaur
Versus
Satnam Singh
Notice to: Satnam Singh Son::-Late S.Bachan Singh R/O Village Shari Po Dhariwal, Distt. Gurdaspur, Punjab 143519, P.No.8699973403
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 20.05.2026 at 10:00 A.M.
for details logon to https://highcourtchd.gov.in/?mod=district_ notice &district=mogacourt
Dated this day of 04-05-2026
Sd/- Additional Principal Judge Family Court, Kharar

(U/o 5 Rule 20 CPC)
In The Court of Sh. Baljinder Singh Maan
Principal Judge, Family Court, Shaheed Bhagat Singh Nagar
CNR No.PBSB01-005849-2025
Next Date: 20.05.2026
HMA/609/2025
Anoop Rani
Versus
Onkar Singh
Notice to: Onkar Singh S/O Mohinder Singh R/o Village Panjgrain, Po Nanowal Jatta Ps Bulluwal Distt Hoshiarpur Now Residing At Ward No.8, Puda Colony, Anandpur Road, Garhshankar
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 20.05.2026 at 10:00 am. For details logon to https://highcourtchd.gov.in/?mod=district_ notice&district=sbsnagar
Dated this day of 04.04.2026
Sd/- Principal Judge, Family Court, Shaheed Bhagat Singh Nagar

---

Before the district Consumer Disputes Redressal Commission, SCO NO. 100, Adjoining Hotel P.R. Residency, Block B, Ranjit Avenue, Amritsar.
CC No. 526 of 2025
Smt.Gursharan Kaur Age 68 Years W/O S.Balwinder Singh Resident Of House No.279, B Block, Bhai Gurdas Ji Nagar, New Amritsar. G.T.Road, Amritsar. 143001.
.....Complainant
Versus
1. M/S.Geetu Constructions Pvt.Ltd., Having Its Office At Sco 2475-76, 2nd Floor, Sector 22-C, Chandigarh Through Its Managing Director/Authorized Representative Pin 160022. 2. M/S.Realcon Having Its Office At Sector 113, Landran Chowk, Sirhind Road, Sas Nagar, Mohali (Punjab) Through Its Authorized Representative. Pin 140307. 3. S.Dupinderjeet Singh S/ O S.Balwinder Singh Resident Of House No.279, B Block, Bhai Gurdas Ji Nagar, New Amritsar, G.T.Road, Amritsar. Pin 143001.
.....Opposite Parties
Whereas it has been proved to the satisfaction of this commission that opposite parties no.1 to 3 named above cannot be served by ordinary process and was, therefore, ordered to be served through substituted service. notice is being issued to the above named opposite parties no.1 to 3 to appear before this commission either personally or through duly authorized agent/counsel on 28.5.2026 failing which ex-parte proceedings shall be heard against the above named opposite parties no.1 to 3
Sd/- Distt. Consumer Disputes Redressal Commission, Amritsar.

(U/o 5 Rule 20 CPC)
In The Court of Sh. H.S. Grewal District and Sessions Judge, Chandigarh
CNR No.CHCH01-005315-2024
Next Date: 25.05.2026
Reena Rani
Versus
Davinder Singh
Notice to: 1) Davinder Singh Son Of Gurmit Singh R/O Village 37 G.B. Vijay Nagar District Sri Ganga Nagar Rajasthan 2)Sunny Son Of Diwan Chand R/O Sodhian,Wali Gali Fazilka Tehsil And Dist Fazilka Punjab. 3) Mandeep Singh Son Of Mohan Singh R/O Village Chimne Wala Ps Arniwala Distt Fazilka
In above titled case the respondents nos.1 to 3 could not be served. It is ordered the respondents no.1 to 3 should appear in person or through counsel on **25**.05.2026 at 10:00 A.M.
For details logon to https://highcourtchd.gov.in/?trs=district_ notice&district=Chandigarh
Dated, this day of 29-04-2026
Sd/- District and Sessions Judge, Chandigarh

(U/o 5 Rule 20 CPC)
In the court of Hon'ble Aman Sharma
Additional Principal Judge Family Court, Amritsar
CNR No.PBAS01-009429-2024
Next Date: 19.05.2026
Chanchal Kumari
Versus
Kulpreet Singh
Notice to: Kulpreet Singh Father::- Jagdev Singh R/O. Ram Krishan Avenue, Majitha Road, Amritsar.
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 19.05.2026 at 10:00 A.M.
For details logon to https://highcourtchd.gov.in/?trs=district_ notice &district=Amritsar
Dated this day of 13-03-2026
Sd/- Additional Principal Judge Family Court, Amritsar

(U/o 5 Rule 20 CPC)
(Succession Case)
In The Court of Sh. Sachin Yadav Addl.Civil Judge (Sr. Divn.), Chandigarh
CNR No.CHCH02-001457-2025
Next Date: 07.07.2026
Ram Kumar
Versus
General Public
Petition U/s 27 of Indian Succession Act
Notice to: Subhadra Sharma W/O Late Sh. Om Parkash R/O H.No.1101 Sector 15 Chandigarh
in the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 07.07.2026 at 10:00 am. for details logon to https://highcourtchd.gov.in/?trs=district_ notice &district=Chandigarh
Dated this day of 14.04.2026.
Sd/- Addl.Civil Judge (Sr. Divn.), Chandigarh

(U/o 5 Rule 20 CPC)
In The Court of Sh. Pankaj Verma Additional Civil Judge (Senior Division), Tarn Taran
Next Date, Purpose of case, Orders and Judgments as well as other case information is available on http://districts.ecourts.gov.in
CNR NO. PBTT02-000984-2025
Next Date: 20.05.2026
Hardeep Singh
Versus
General Public
Notice to: General Public Tarn Taran
In above titled case the defendant(s)/respondent(s) could not be served. It is orderded that defendant(s)/respondent(s) should appear in person or through counsel on 20.05.2026 at 10:00 A.M.
for details logon to https://highcourtchd.gov.in/?trs=district_ notice &district=Tarn Taran
Dated this day of 02-04-2026
Sd/- Additional Civil Judge (Senior Division), Tarn Taran

(U/o 5 Rule 20 CPC)
In The Court of Sh. Rajan Aneja Civil Judge (Junior Division), Ludhiana
CNR No.PBLD02-010567-2024
Next Date: 20.05.2026
Punjab State Power Corporation Limited
Versus
Vidya Devi
Notice to: Vidya Devi C Block D/C, Ludhiana
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 20.05.2026 at 10:00 am. For details logon to https://highcourtchd.gov.in/?mod=district_ notice&district=mogacourt
Dated this day of 08.04.2026
Sd/- Civil Judge (Junior Division), Ludhiana

In The Court of Ms. Jaspreet Kaur Simak
Sub Divisional Judicial Magistrate, Dasuya
CNR No.PBHOA1-000410-2024
Next Date: 18.05.2026
Tarsem Singh S/O Gulzar Singh, R/ O Vpo Miani Ward No.01, P.S Tanda District Hoshiarpur
Versus
Sourav Gupta C/O Switch Immigration Plot No.233, 2nd Floor, Goodluck, Tower, Industrial Area-A, Cheema Chownk Ludhiana Teshil & District Ludhiana.
Notice to: Sourav Gupta Father::- C/O Switch Immigration Plot No. 233, 2nd Floor, Goodluck Tower, Industrial Area-A, Cheema Chownk Ludhiana Tehsil And Distt Ludhiana.
In above titled case the accused could not be served. It is ordered that accused should appear in person or through counsel on **18**.05.2026 at 10:00 A.M.
For details logon to https://highcourtchd.gov.in/?mod=district_ notice&district=Hoshiarpur
Dated, this day of 20-04-2026
Sd/- Sub Divisional Judicial Magistrate, Dasuya

(U/o 5 Rule 20 CPC)
In The Court of Ms. Jaspreet Kaur Simak
Additional Civil Judge (Senior Division), Dasuya
CNR No.PBHOA0-000046-2025
Next Date: 19.05.2026
Satwinder Singh S/O Harminder Singh 2. Bhupinder Kaur W/O Satwinder Singh Both R/O Village Daburji, Tehsil Dasuya, District Hoshiarpur, Presently Residing At Grassobbio (BG) Via Fornacettee 31/A Italiana
Versus
Gerneal Public 2. Gurjit Singh S/o Harminder Singh 3. Malwinder Kaur W/O Satwinder Singh Both R/O Village Daburji, Tehsil Dasuya, District Hoshiarpur.
Suit For Declaration.
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **19**.05.2026 at 10:00 A.M.
For details logon to https://highcourtchd.gov.in/?mod=district_ notice&district=Hoshiarpur
Dated, this day of 10-04-2026
Sd/- Additional Civil Judge (Senior Division), Dasuya

(U/o 5 Rule 20 CPC)
In The Court of Sh. Puneet Mohan Sharma
Additional District Judge, Chandigarh
CNR No.CHCH01-003978-2025
Next Date: 27.08.2026
Kavya Alias Kekhir
Versus
Raman
Notice to: Raman Father:- Arun H.No. 3400 First Floor, Sector 23-D, Chandigarh 160023
In above titled case the respondent could not be served. It is ordered that respondent should appear in person or through counsel on **27**.08.2026 at 10:00 A.M.
For details logon to https://highcourtchd.gov.in/?trs=district_ notice&district=Chandigarh
Dated, this day of 25-03-2026
Sd/- Additional District Judge, Chandigarh

ਬਾ-ਅਦਾਲਤ ਮਾਨਯੋਗ ਸਹਾਇਕ ਕੁਲੈਕਟਰ ਦਰਜਾ ਪਹਿਲਾ (ਨਾਇਬ ਤਹਿਸੀਲਦਾਰ) ਪਟਿਆਲਾ।
ਪਬਲੀਕੇਸ਼ਨ ਨੋਟਿਸ
ਮਿਸਲ ਨੰ 560/ਰੀਡਰ-1
ਰਜੂਆ 19.09.2025
ਬਲੈਕਾਰ ਸਿੰਘ ਵਗੈਰਾ
ਬਨਾਮ
ਸੁਵਰਨ ਸਿੰਘ ਵਗੈਰਾ
ਕੇਸ:- ਤਕਸੀਮ ਪਿੰਡ ਦੌਣ ਖੁਰਦ
ਇਸ ਨੋਟਿਸ ਰਾਹੀਂ ਹੇਠ ਦਰਜ ਧਿਰਾਂ ਅਤੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਅਨੁਮਾਨ ਦੇ ਕੇਸ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਮਿਤੀ 01.07.2026 ਨੂੰ ਸੁਣਵਾਈ ਲਈ ਨਿਯਤ ਹੋਇਆ ਹੈ। ਉਕਤ ਅਨੁਮਾਨ ਵਾਲੇ ਕੇਸ ਸਬੰਧੀ ਜੇਕਰ ਹੇਠ ਦਰਜ ਧਿਰਾਂ ਜਾਂ ਆਮ ਪਬਲਿਕ ਨੂੰ ਕੋਈ ਇਤਰਾਜ਼ ਹੈ ਤਾਂ ਉਹ ਮੁਕਰਰ ਮਿਤੀ 01.07.2026 ਤੱਕ ਖੁਦ ਜਾਂ ਆਪਣੇ ਵਕੀਲ ਰਾਹੀਂ ਹਾਜ਼ਰ ਅਦਾਲਤ ਆ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਹੇਠ ਲਿਖੀਆਂ ਧਿਰਾਂ ਵਿੱਚੋਂ ਕਿਸੇ ਵੀ ਧਿਰ ਦੀ ਮੌਤ ਹੋ ਗਈ ਹੋਵੇ ਤਾਂ ਉਸ ਦੇ ਵਾਰਸ ਅਦਾਲਤ ਆ ਕੇ ਕੇਸ ਦੀ ਪੈਰਵੀ ਕਰ ਸਕਦੇ ਹਨ। ਮੁਕਰਰ ਮਿਤੀ ਤੱਕ ਕੋਈ ਵੀ ਇਤਰਾਜ਼ ਪੇਸ਼ ਨਾ ਹੋਣ ਦੀ ਸੂਰਤ ਵਿੱਚ ਨਿਯਮਾਂ ਮੁਤਾਬਕ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।
ਮਸੂਲ ਨੰ. 1. ਸਵਰਨ ਸਿੰਘ ਪੁੱਤਰ ਜਰਨੈਲ ਸਿੰਘ 2. ਜਸਵੰਤ ਸਿੰਘ ਪੁੱਤਰ ਸਵਰਨ ਸਿੰਘ 3. ਗੁਰਮੇਲ ਸਿੰਘ ਪੁੱਤਰ ਗੁਰਦੇਵ ਸਿੰਘ 4. ਨੈਰੰਗ ਸਿੰਘ ਪੁੱਤਰ ਮਹਿੰਦਰ ਸਿੰਘ 5. ਸਵਰਨਜੀਤ ਕੌਰ ਵਿਧਵਾ ਮੇਵਾ ਸਿੰਘ 6. ਸੁਖਵੀਰ ਸਿੰਘ ਪੁੱਤਰ ਮੇਵਾ ਸਿੰਘ 7. ਮੇਜਰ ਸਿੰਘ ਪੁੱਤਰ ਜੋਗਿੰਦਰ ਸਿੰਘ 8. ਜਗਗੁਪ ਸਿੰਘ ਪੁੱਤਰ ਜੋਗਿੰਦਰ ਸਿੰਘ 9. ਬਲਜੀਤ ਕੌਰ ਪਤਨੀ ਕਰਨੈਲ ਸਿੰਘ 10. ਕਰਨਵੀਰ ਸਿੰਘ ਪੁੱਤਰ ਕੁਲਜੀਤ ਸਿੰਘ 11. ਮਨਪ੍ਰੀਤ ਸਿੰਘ ਪੁੱਤਰ ਗੁਰਮੀਤ ਸਿੰਘ 12. ਹਰਮਨਪ੍ਰੀਤ ਸਿੰਘ ਪੁੱਤਰ ਕੁਲਵੰਤ ਸਿੰਘ 13. ਗੁਰਪ੍ਰੀਤ ਸਿੰਘ ਪੁੱਤਰ ਪਰਮਜੀਤ ਸਿੰਘ 14. ਬਬਲਜੀਤ ਕੌਰ ਪਤਨੀ ਲਖਵੀਰ ਸਿੰਘ 15. ਰਮਨਦੀਪ ਕੌਰ ਪਤਨੀ ਜਸਵੰਤ ਸਿੰਘ 16. ਹਰਜੀਤ ਕੌਰ ਪਤਨੀ ਜਸਕਰਨ ਸਿੰਘ ਸਾਰੇ ਵਾਸੀਆਨ ਪਿੰਡ ਦੌਣ ਖੁਰਦ ਤਹਿਸੀਲ ਦਾ ਜ਼ਿਲ੍ਹਾ ਪਟਿਆਲਾ। 17. ਪੰਜਾਬ ਨੈਸ਼ਨਲ ਬੈਂਕ ਬ੍ਰਾਂਚ ਬਾਰਨ ਪਟਿਆਲਾ ਰਾਹੀਂ ਮੈਨੇਜਰ। 18. ਐਸ.ਬੀ.ਆਈ ਬ੍ਰਾਂਚ ਨਿਊ ਪਟਿਆਲਾ ਏਰੀਆ ਪਟਿਆਲਾ ਰਾਹੀਂ ਮੈਨੇਜਰ। 20. ਐਸ.ਡੀ.ਐਫ.ਸੀ. ਲਿਮਟਿਡ ਬ੍ਰਾਂਚ ਪਟਿਆਲਾ ਰਾਹੀਂ ਮੈਨੇਜਰ। ਅੱਜ ਇਹ ਇਸ਼ਤਿਆਰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।
ਨੰ. 625/ਆਰ 1
ਮਿਤੀ 4-5-26
ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ ਪਟਿਆਲਾ।

ਬਾ-ਅਦਾਲਤ ਮਾਨਯੋਗ ਸਹਾਇਕ ਕੁਲੈਕਟਰ ਦਰਜਾ ਪਹਿਲਾ (ਨਾਇਬ ਤਹਿਸੀਲਦਾਰ), ਪਟਿਆਲਾ।
ਪਬਲੀਕੇਸ਼ਨ ਨੋਟਿਸ
ਮਿਸਲ ਨੰ.561/ਰੀਡਰ-1 ਰਜੂਆ 19.09.2025
ਬਲਕਾਰ ਸਿੰਘ
ਬਨਾਮ
ਗੁਰਦਿਆਲ ਸਿੰਘ ਵਗੈਰਾ
ਕੇਸ-ਤਕਸੀਮ ਪਿੰਡ ਦੌਣ ਖੁਰਦ
ਇਸ ਨੋਟਿਸ ਰਾਹੀਂ ਹੇਠ ਦਰਜ ਧਿਰਾਂ ਅਤੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਅਨੁਮਾਨ ਦੇ ਕੇਸ ਨਿਮਨ ਹਸਤਾਖ਼ਰ ਦੀ ਅਦਾਲਤ ਵਿੱਚ ਮਿਤੀ 01.07.2026 ਨੂੰ ਸੁਣਵਾਈ ਲਈ ਨਿਯਤ ਹੋਇਆ ਹੈ। ਉਕਤ ਅਨੁਮਾਨ ਵਾਲੇ ਕੇਸ ਸਬੰਧੀ ਜੇਕਰ ਹੇਠ ਦਰਜ ਧਿਰਾਂ ਜਾਂ ਆਮ ਪਬਲਿਕ ਨੂੰ ਕੋਈ ਇਤਰਾਜ਼ ਹੈ ਤਾਂ ਉਹ ਮੁਕਰਰ ਮਿਤੀ 01.07.2026 ਤੱਕ ਖੁਦ ਜਾਂ ਆਪਣੇ ਵਕੀਲ ਰਾਹੀਂ ਹਾਜ਼ਰ ਅਦਾਲਤ ਆ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਹੇਠ ਲਿਖੀਆਂ ਧਿਰਾਂ ਵਿੱਚੋਂ ਕਿਸੇ ਵੀ ਧਿਰ ਦੀ ਮੌਤ ਹੋ ਗਈ ਹੋਵੇ ਤਾਂ ਉਸ ਦੇ ਵਾਰਸ ਅਦਾਲਤ ਆ ਕੇ ਕੇਸ ਦੀ ਪੈਰਵੀ ਕਰ ਸਕਦੇ ਹਨ। ਮੁਕਰਰ ਮਿਤੀ ਤੱਕ ਕੋਈ ਵੀ ਇਤਰਾਜ਼ ਪੇਸ਼ ਨਾ ਹੋਣ ਦੀ ਸੂਰਤ ਵਿੱਚ ਨਿਯਮਾਂ ਮੁਤਾਬਕ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।
ਮਸੂਲ ਨੰ. 1) ਗੁਰਦਿਆਲ ਸਿੰਘ ਪੁੱਤਰ ਰੁਲੀਆ 2) ਭਰਵਾਨ ਪੁੱਤਰ ਰੁਲੀਆ 3) ਪਰਮਜੀਤ ਸਿੰਘ ਪੁੱਤਰ ਸੁਰਜੀਤ ਸਿੰਘ 4) ਸਵਰਨ ਸਿੰਘ ਪੁੱਤਰ ਜਰਨੈਲ ਸਿੰਘ (5) ਸੁਰਜੀਤ ਸਿੰਘ ਪੁੱਤਰ ਮੇਹਰ ਸਿੰਘ 6) ਅਰਜੁਨ ਸਿੰਘ ਪੁੱਤਰ ਅਮਰ ਸਿੰਘ 7) ਚੇਤਨ ਸਿੰਘ ਪੁੱਤਰ ਅਮਰ ਸਿੰਘ 8) ਨਰਜੰਨ ਸਿੰਘ ਪੁੱਤਰ ਮਾਤੂ ਸਿੰਘ 9) ਜੰਗੀਰ ਸਿੰਘ ਪੁੱਤਰ ਮਾਤੂ ਸਿੰਘ 10) ਇੰਦਰ ਸਿੰਘ ਪੁੱਤਰ ਪਰੀਤਮ ਸਿੰਘ, 11) ਗਿਆਨ ਸਿੰਘ ਪੁੱਤਰ ਮਹਿੰਦਰ ਸਿੰਘ, 12) ਹਰਪ੍ਰੀਤ ਕੌਰ ਵਿਧਵਾ ਕੁਲਜੀਤ ਸ਼ਿੰਘ, 13) ਕਰਨਵੀਰ ਸਿੰਘ ਪੁੱਤਰ ਕੁਲਜੀਤ ਸਿੰਘ, 14) ਬਲਬੀਰ ਸਿੰਘ ਪੁੱਤਰ ਜੋਗਿੰਦਰ ਸਿੰਘ, 15) ਹਮੀਰ ਸ਼ਿੰਘ ਪੁੱਤਰ ਜੋਗਿੰਦਰ ਸਿੰਘ, 16) ਰਣਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ 17) ਜਤਿੰਦਰ ਸਿੰਘ ਪੁੱਤਰ ਦਲਬੀਰ ਸਿੰਘ 18) ਬਲਜਿੰਦਰ ਸਿੰਘ ਪੁੱਤਰ ਦਲਬੀਰ ਸਿੰਘ, 19) ਲਖਵੀਰ ਸਿੰਘ ਪੁੱਤਰ ਮੇਜਰ ਸਿੰਘ 20) ਜਸਵੰਤ ਸ਼ਿੰਘ ਪੁੱਤਰ ਸਵਰਨ ਸਿੰਘ ਵਾਸੀਆਨ ਪਿੰਡ ਦੌਣ ਖੁਰਦ ਤਹਿਸੀਲ ਦਾ ਜ਼ਿਲ੍ਹਾ ਪਟਿਆਲਾ। ਅੱਜ ਇਹ ਇਸ਼ਤਿਆਰ ਮੇਰੇ ਦਸਤਖਤਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।
ਨੰ.624/ਆਰ 1
ਮਿਤੀ 4-5-26
ਸਹੀ/-ਸਹਾਇਕ ਕੁਲੈਕਟਰ ਦਰਜਾ ਪਹਿਲਾ ਪਟਿਆਲਾ

ਬਾ ਅਦਾਲਤ ਮਾਨਯੋਗ ਸਹਾਇਕ ਕੁਲੈਕਟਰ ਦਰਜਾ ਪਹਿਲਾ (ਨਾਇਬ ਤਹਿਸੀਲਦਾਰ), ਪਟਿਆਲਾ।
ਪਬਲੀਕੇਸ਼ਨ ਨੋਟਿਸ
ਮਿਸਲ ਨੰ. 562/ਰੀਡਰ-2 ਰਜੂਆ - 19.09.2025
ਬਲਕਾਰ ਸਿੰਘ
ਬਨਾਮ
ਸਵਰਨ ਸਿੰਘ ਵਗੈਰਾ
ਕੇਸ:- ਤਕਸੀਮ ਪਿੰਡ ਦੌਣ ਖੁਰਦ
ਇਸ ਨੋਟਿਸ ਰਾਹੀਂ ਹੇਠ ਦਰਜ ਧਿਰਾਂ ਅਤੇ ਆਮ ਪਬਲਿਕ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਅਨੁਮਾਨ ਦੇ ਕੇਸ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਮਿਤੀ 01.07.2026 ਨੂੰ ਸੁਣਵਾਈ ਲਈ ਨਿਯਤ ਹੋਇਆ ਹੈ। ਉਕਤ ਅਨੁਮਾਨ-ਵਾਲੇ ਕੇਸ ਸਬੰਧੀ ਜੇਕਰ ਹੇਠ ਦਰਜ ਧਿਰਾਂ ਜਾਂ ਆਮ ਪਬਲਿਕ ਨੂੰ ਕੋਈ ਇਤਰਾਜ਼ ਹੈ ਤਾਂ ਉਹ ਮੁਕਰਰ ਮਿਤੀ 01.07.2026 ਤੱਕ ਖੁਦ ਜਾਂ ਆਪਣੇ ਵਕੀਲ ਰਾਹੀਂ ਹਾਜ਼ਰ ਅਦਾਲਤ ਆ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਇਸ ਤੋਂ ਇਲਾਵਾ ਜੇਕਰ ਹੇਠ ਲਿਖੀਆਂ ਧਿਰਾਂ ਵਿੱਚੋਂ ਕਿਸੇ ਵੀ ਧਿਰ ਦੀ ਮੌਤ ਹੋ ਗਈ ਹੋਵੇ ਤਾਂ ਉਸ ਦੇ ਵਾਰਸ ਅਦਾਲਤ ਆ ਕੇ ਕੇਸ ਦੀ ਪੈਰਵੀ ਕਰ ਸਕਦੇ ਹਨ। ਮੁਕਰਰ ਮਿਤੀ ਤੱਕ ਕੋਈ ਵੀ ਇਤਰਾਜ਼ ਪੇਸ਼ ਨਾ ਹੋਣ ਦੀ ਸੂਰਤ ਵਿੱਚ ਨਿਯਮਾਂ ਮੁਤਾਬਕ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।
ਮਸੂਲ ਨੰ. 1) ਸਵਰਨ ਸਿੰਘ ਪੁੱਤਰ ਜਰਨੈਲ ਸਿੰਘ 2) ਜਸਵੰਤ ਸਿੰਘ ਪੁੱਤਰ ਸਵਰਨ ਸਿੰਘ 3) ਬਚਨ ਸਿੰਘ ਪੁੱਤਰ ਨਰਜੰਨ ਸਿੰਘ 4) ਦੀਵਾਨ ਸਿੰਘ ਪੁੱਤਰ ਬਚਨ ਸਿੰਘ 5) ਤਰਲੋਚਨ ਸਿੰਘ ਪੁੱਤਰ ਬਚਨ ਸਿੰਘ 6) ਹਮੀਰ ਸਿੰਘ ਪੁੱਤਰ ਜੋਗਿੰਦਰ ਸਿੰਘ 7) ਇੰਦਰ ਸਿੰਘ ਪੁੱਤਰ ਪ੍ਰੀਤਮ ਸਿੰਘ 8) ਗਿਆਨ ਸਿੰਘ ਪੁੱਤਰ ਮਹਿੰਦਰ ਸਿੰਘ 9) ਗੁਰਦਿਆਲ ਸਿੰਘ ਪੁੱਤਰ ਰੁਲੀਆ 10) ਭਰਵਾਨ ਪੁੱਤਰ ਰੁਲੀਆ 11) ਬਲਬੀਰ ਸਿੰਘ ਪੁੱਤਰ ਸੀਤਾ ਰਾਮ 12) ਹਰਵਿੰਦਰ ਸਿੰਘ ਪੁੱਤਰ ਉਜਾਗਰ ਸਿੰਘ 13) ਜਸਵਿੰਦਰ ਸਿੰਘ ਪੁੱਤਰ ਹਰੀ ਸਿੰਘ 14) ਬਲਬੀਰ ਸਿੰਘ ਪੁੱਤਰ ਨਰਜੰਨ ਸਿੰਘ 15) ਗੁਰਵਿੰਦਰ ਸਿੰਘ ਪੁੱਤਰ ਨਿਰਜੰਨ ਸਿੰਘ 16) ਗੁਰਬਿੰਦਰ ਸਿੰਘ ਪੁੱਤਰ ਨਿਰਜੰਨ ਸਿੰਘ 17) ਕੁਲਦੀਪ ਸਿੰਘ ਪੁੱਤਰ ਬਚਨ ਸਿੰਘ 18) ਗੁਲਜਾਰ ਸਿੰਘ ਪੁੱਤਰ ਗੁਰਦੇਵ ਸਿੰਘ 19) ਹੋਮ ਰਾਜ ਪੁੱਤਰ ਬਰਖਾ ਰਾਮ 20) ਤਰਸੇਮ ਸਿੰਘ ਪੁੱਤਰ ਬਰਖਾ ਰਾਮ 21) ਬਲਵਿੰਦਰ ਸਿੰਘ ਪੁੱਤਰ ਬਰਖਾ ਰਾਮ 22) ਦਲਬੀਰ ਸਿੰਘ ਪੁੱਤਰ ਤਾਰੂ ਸਿੰਘ 23) ਬਲਜੀਤ ਸਿੰਘ ਪੁੱਤਰ ਲਾਭ ਸਿੰਘ 24) ਸੁਖਵਿੰਦਰ ਕੌਰ ਪਤਨੀ ਹਰਵਿੰਦਰ ਸਿੰਘ 25) ਗੋਬਿੰਦ ਸਿੰਘ ਪੁੱਤਰ ਕੁੰਦਨ ਸਿੰਘ 26) ਹਰਬੰਸ ਸਿੰਘ ਪੁੱਤਰ ਕੁੰਦਨ ਸਿੰਘ 27) ਜਸਬੀਰ ਸਿੰਘ ਪੁੱਤਰ ਹਰੀ ਸਿੰਘ 28) ਗੁਰਪ੍ਰੀਤ ਸਿੰਘ ਪੁੱਤਰ ਅਜੀਤ ਸਿੰਘ 29)ਰ. ਕੌਰ ਪਤਨੀ ਵਰਖਾ ਰਾਮ 30) ਨੈਬ ਸਿੰਘ ਪੁੱਤਰ ਜੰਗੀਰ ਸਿੰਘ 31) ਜਤਿੰਦਰ ਸਿੰਘ ਪੁੱਤਰ ਪਿਆਰਾ ਸਿੰਘ 32) ਰੋਸ਼ਮ ਸਿੰਘ ਪੁੱਤਰ ਪਿਆਰਾ ਸਿੰਘ 33) ਹਰਪ੍ਰੀਤ ਸਿੰਘ ਪੁੱਤਰ ਸਤਨਾਮ ਸਿੰਘ 34) ਸ਼ਾਂਤੀ ਪਤਨੀ ਸਵਰਨ ਸਿੰਘ 35) ਮੋਹਨ ਸਿੰਘ ਪੁੱਤਰ ਹਰਬੰਸ ਸਿੰਘ 36) ਮਲਕੀਤ ਸਿੰਘ ਪੁੱਤਰ ਜਿਉਨ ਦਾਸ 37) ਹਰਪ੍ਰੀਤ ਕੌਰ ਵਿਧਵਾ ਕੁਲਜੀਤ ਸਿੰਘ 38) ਕਰਨਵੀਰ ਸਿੰਘ ਪੁੱਤਰ ਕੁਲਜੀਤ ਸਿੰਘ 39) ਗੁਰਜਿੰਦਰ ਸਿੰਘ ਪੁੱਤਰ ਨਛੱਤਰ ਸਿੰਘ 40) ਗੁਰਲਾਲ ਸਿੰਘ ਪੁੱਤਰ ਨਛੱਤਰ ਸਿੰਘ 41) ਗੁਰਪਾਲ ਸਿੰਘ ਪੁੱਤਰ ਕਪੂਰ ਸਿੰਘ 42) ਨਾਜੀਰ ਕੌਰ ਪਤਨੀ ਜੋਗਿੰਦਰ ਸਿੰਘ 43) ਚਰਨਜੀਤ ਕੌਰ ਪਤਨੀ ਗੁਰਦੀਪ ਸਿੰਘ 44) ਜਸਵੀਰ ਸਿੰਘ ਪੁੱਤਰ ਜਾਗਰ ਸਿੰਘ 45) ਸੁਖਦੀਪ ਸਿੰਘ ਪੁੱਤਰ ਬਲਵੀਰ ਸਿੰਘ 46) ਭਗਵੰਤ ਕੌਰ ਪਤਨੀ ਜਰਨੈਲ ਸਿੰਘ 47) ਬਲਬੀਰ ਸਿੰਘ ਪੁੱਤਰ ਜੋਗਿੰਦਰ ਸਿੰਘ 48) ਰਣਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ 49) ਨਾਨਕ ਚੰਦ ਪੁੱਤਰ ਭੀਮ ਚੰਦ 50) ਜਤਿੰਦਰ ਸਿੰਘ ਪੁੱਤਰ ਦਲਬੀਰ ਸਿੰਘ 51) ਬਲਜਿੰਦਰ ਸਿੰਘ ਪੁੱਤਰ ਦਲਬੀਰ ਸਿੰਘ 52) ਹਰਜੀਤ ਕੌਰ ਪਤਨੀ ਜਸਵਿੰਦਰ ਸਿੰਘ 53) ਅਮਰਜੀਤ ਕੌਰ ਪਤਨੀ ਸੋਦਾਗਰ ਸਿੰਘ

ਦਿੱਲੀ ਹਾਈ ਕੋਰਟ ਨੇ ਸਕੂਲਾਂ ਦੇ ਸਟਾਫ ਦੇ ਬਕਾਏ ਦੇ ਮਾਮਲੇ ਦੇ ਹੱਲ ਵਾਸਤੇ ਦੋ ਮਹੀਨੇ ਦਾ ਸਮਾਂ ਦਿੱਤਾ : ਕਾਲਕਾ, ਕਾਹਲੋਂ

ਨਵੀਂ ਦਿੱਲੀ, 4 ਮਈ (ਅੰਮ੍ਰਿਤਪਾਲ ਸਿੰਘ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ ਸਟਾਫ ਦੇ ਬਕਾਏ ਦਾ ਜੋ ਮਾਮਲਾ ਦਿੱਲੀ ਹਾਈ ਕੋਰਟ ਵਿਚ ਸੁਣਵਾਈ ਅਧੀਨ ਹੈ, ਅੱਜ ਉਸ ਮਾਮਲੇ [ਤੇ ਹੋਈ ਸੁਣਵਾਈ ਦੌਰਾਨ ਅਦਾਲਤ ਨੇ ਦਿੱਲੀ ਗੁਰਦੁਆਰਾ ਕਮੇਟੀ ਨੂੰ ਮਾਮਲੇ ਦੇ ਹੱਲ ਲਈ ਦੋ ਮਹੀਨੇ ਦਾ ਸਮਾਂ ਦਿੱਤਾ ਹੈ ਤੇ ਉਹਨਾਂ ਨੇ ਮਾਮਲੇ ਵਿਚ ਸਹਿਯੋਗ ਦੇਣ ਲਈ ਸਮੁੱਚੇ ਸਟਾਫ ਦਾ ਧੰਨਵਾਦ ਕੀਤਾ ਹੈ। ਸੁਣਵਾਈ ਉਪਰੰਤ ਮੀਡੀਆ ਨਾਲ ਗੱਲਬਾਤ ਕਰਦਿਆਂ ਕਾਲਕਾ ਤੇ ਕਾਹਲੋਂ ਨੇ ਦੱਸਿਆ ਕਿ ਹਾਈ ਕੋਰਟ ਵਿਚ ਸਕੂਲਾਂ ਦੇ ਜੋ ਕੇਸ ਚਲ ਰਹੇ ਹਨ, ਉਹਨਾਂ ਦੀ ਸੁਣਵਾਈ ਦੀ ਅੱਜ ਤਾਰੀਕ ਸੀ। ਉਹਨਾਂ ਦੱਸਿਆ ਕਿ ਸੁਣਵਾਈ ਦੌਰਾਨ ਜਨਰਲ ਸਕੱਤਰ ਕਾਹਲੋਂ ਨੇ ਖੁਦ ਜੱਜ ਸਾਹਿਬ ਨੂੰ ਦੱਸਿਆ ਕਿ ਕਿਵੇਂ ਇਹਨਾਂ ਦੇ ਬਕਾਏ ਵਧੇ, ਕੌਣ ਪ੍ਰਧਾਨ ਸਨ ਜਿਹਨਾਂ ਨੇ ਬਕਾਏ ਨਹੀਂ ਦਿੱਤੇ। ਉਹਨਾਂ ਨੇ ਦੱਸਿਆ ਕਿ ਜੱਜ ਸਾਹਿਬ ਨੇ ਤਕਰੀਬਨ 7 ਤੋਂ 8 ਮਿੰਟ ਉਹਨਾਂ ਦੀ ਗੱਲ ਸੁਣੀ। ਉਹਨਾਂ ਦੱਸਿਆ ਕਿ ਸਾਡੀ ਮਨਸ਼ਾ ਸਟਾਫ ਤੇ ਅਧਿਆਪਕਾਂ ਨੂੰ ਬਕਾਏ ਦੇਣ ਦੀ ਹੈ। ਉਹਨਾਂ ਦੱਸਿਆ ਕਿ ਵਰਕਿੰਗ ਸਟਾਫ ਵਿਚੋਂ 919 ਨੇ ਸਾਡੇ ਨਾਲ ਐਮ ਓ ਯੂ ਸਾਈਨ ਕੀਤਾ ਤੇ ਸਾਡੇ ਨਾਲ ਖੜ੍ਹੇ ਹੋਏ ਤੇ ਜਿਹੜੇ ਬਾਕੀ 33-34 ਰਹਿ ਗਏ ਹਨ, ਉਹ ਵੀ ਸਾਡੇ ਨਾਲ ਆਉਣਗੇ। ਉਹਨਾਂ ਕਿਹਾ ਕਿ ਇਸੇ ਤਰੀਕੇ ਸੇਵਾ ਮੁਕਤ ਮੁਲਾਜ਼ਮਾਂ ਤੋਂ ਵੀ ਸਾਨੂੰ ਆਸ ਹੈ ਕਿ ਉਹ ਸਾਡੇ ਨਾਲ ਖੜ੍ਹਨਗੇ ਤੇ ਅਸੀਂ ਸਾਰੇ ਮਸਲੇ ਨੂੰ ਹੱਲ ਕਰਨ ਦੇ ਨੇੜੇ ਪਹੁੰਚ ਗਏ ਹਾਂ। ਉਹਨਾਂ ਦੱਸਿਆ ਕਿ ਮਾਣਯੋਗ ਜੱਜ ਸਾਹਿਬ ਨੇ ਦੋ ਮਹੀਨੇ ਦਾ ਸਮਾਂ ਸਾਨੂੰ ਦਿੱਤਾ ਹੈ ਤੇ ਕਿਹਾ ਕਿ ਇਹ ਮਸਲਾ ਹੱਲ ਹੋ ਸਕਦਾ ਹੈ ਤੇ ਕਮੇਟੀ ਇਸ ਲਈ ਯਤਨਸ਼ੀਲ ਹੈ। ਕਾਹਲੋਂ ਨੇ ਕਿਹਾ ਕਿ ਇਸ ਮਾਮਲੇ ਵਿਚ ਕੋਈ ਵੀ ਸਟਾਫ ਮੈਂਬਰ ਜਾਂ ਸੇਵਾ ਮੁਕਤ ਮੁਲਾਜ਼ਮ ਉਹਨਾਂ ਨਾਲ ਦੁਪਹਿਰ 2.00 ਵਜੇ ਤੋਂ ਬਾਅਦ ਉਹਨਾਂ ਨੂੰ ਦਫਤਰ ਵਿਚ ਮਿਲ ਸਕਦਾ ਹੈ। ਉਹਨਾਂ ਕਿਹਾ ਕਿ ਚੰਗਾ ਹੋਵੇਗਾ ਕਿ ਜੇਕਰ ਫੋਨ 'ਤੇ ਸੰਪਰਕ ਕਰ ਕੇ ਸਟਾਫ ਮੈਂਬਰ ਆਉਣ। ਉਹਨਾਂ ਕਿਹਾ ਕਿ ਅਸੀਂ ਉਹਨਾਂ ਸਭ ਦਾ ਧੰਨਵਾਦ ਕਰਦੇ ਹਾਂ ਜੋ ਸਕੂਲਾਂ ਨੂੰ ਬਚਾਉਣ ਲਈ ਸਾਡੇ ਨਾਲ ਖੜ੍ਹੇ ਹੋਏ ਹਨ ਤੇ ਬਾਕੀਆਂ ਨੂੰ ਬੇਨਤੀ ਕਰਦੇ ਹਾਂ ਕਿ ਸਾਡੇ ਨਾਲ ਖੜ੍ਹੇ ਹੋਣ।

ਪੰਜਾਬ ਨੈਸ਼ਨਲ ਬੈਂਕ

...ਭਰੋਸੇ ਦਾ ਪ੍ਰਤੀਕ

ਐਸਏਐਮਬੀ ਚੰਡੀਗੜ੍ਹ, ਐਸਸੀਓ 60-61, ਸੈਕਟਰ 17-ਬੀ, ਚੰਡੀਗੜ੍ਹ ਪਿੰਨ 160017

ਟੈਲੀਫੋਨ ਨੰ. : 0172-5040788, 796, ਈਮੇਲ : zs8340@pnb.co.in

ਈ-ਨਿਲਾਮੀ ਵਿਕਰੀ ਸੂਚਨਾ

ਅਚੱਲ ਸੰਪੱਤੀਆਂ ਦੀ ਵਿਕਰੀ ਲਈ ਈ-ਨਿਲਾਮੀ ਬਾਰੇ ਜਨਤਕ ਸੂਚਨਾ

ਸੁਰੱਖਿਅਤ ਕਰਜ਼ਦਾਤਿਆਂ ਨੂੰ ਜਾਰੂੰ ਦੇਣਦਾਰੀਆਂ ਦੇ ਵੇਰਵੇ : ਜਾਰੂੰ ਨਹੀਂ

ਵਿੱਤੀ ਜਾਇਦਾਦਾਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਐਕਟ, 2002 ਦੇ ਨਿਯਮ 8(6) ਦੇ ਨਾਲ ਪੜ੍ਹਿਆ ਜਾਂਦਾ ਹੈ, ਸੁਰੱਖਿਆ ਵਿਆਜ (ਲਾਗੂਕਰਨ) ਨਿਯਮ 2002 ਦੇ ਨਾਲ ਪੜ੍ਹਿਆ ਜਾਂਦਾ ਹੈ, ਅਧੀਨ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰਾਂ/ਜ਼ਾਮਨਾਂ/ਗਿਰਵੀਕਾਰਾਂ ਨੂੰ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੇ ਗਏ ਚੱਲ/ਅਚੱਲ ਜਾਇਦਾਦ(ਾਂ) ਨੂੰ ਸੁਰੱਖਿਅਤ ਕਰਜ਼ਦਾਤਾ ਨੂੰ ਚਾਰਜ ਕੀਤਾ ਗਿਆ ਹੈ, ਜਿਸ ਦਾ ਉਸਾਰੂ/ਭੌਤਿਕ/ਕਬਜ਼ਾ ਬੈਂਕ (ਜੋ ਵੀ ਲਾਗੂ ਹੋਵੇ) ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਨੂੰ "ਜਿਵੇਂ ਹੈ ਜਿੱਥੇ ਹੈ, ਦੇ ਆਧਾਰ 'ਤੇ", "ਜਿਵੇਂ ਹੈ ਜੋ ਹੈ, ਆਧਾਰ 'ਤੇ"ਅਤੇ ਜੋ ਵੀ ਆਧਾਰ ਹੈ, ਉਸ ਮਿਤੀ 'ਤੇ ਕਰਜ਼ਦਾਰਾਂ/ਜ਼ਾਮਨਾਂ/ਗਿਰਵੀਕਾਰਾਂ ਤੋਂ ਸੁਰੱਖਿਅਤ ਕ੍ਰੈਡਿਟ (ਇੱਥੇ ਬੈਂਕ) ਪ੍ਰਤੀ ਬਕਾਇਆ ਕ੍ਰਮਵਾਰ ਵੇਚਿਆ ਜਾਵੇਗਾ। ਰਿਜ਼ਰਵ ਕੀਮਤ ਅਤੇ ਜਮ੍ਹਾਂ ਬਿਆਨਾ ਰਕਮ ਨਿਮਨ ਦਰਸਾਈ ਸਾਰਣੀ ਵਿਚ ਸੰਪੱਤੀਆਂ ਅਨਸਾਰ ਦਰਸਾਈ ਗਈ ਹੈ।

ਸੁਰੱਖਿਅਤ ਅਸਾਸਿਆਂ ਦੀ ਵਿਕਰੀ ਦੀ ਸੂਚੀ

ਲਾ ਟ ਨੰ.	ਸ਼ਾਖਾ ਦਾ ਨਾਮ / ਖਾਤੇ ਦਾ ਨਾਮ / ਕਰਜ਼ਦਾਰ/ਜ਼ਾਮਨਾਂ ਦਾ ਨਾਮ ਅਤੇ ਪਤਾ, ਖਾਤਾ	ਅਚੱਲ ਗਿਰਵੀ ਸੰਪੱਤੀ(ਆਂ) ਦੇ ਵੇਰਵੇ ਅਤੇ ਮਾਲਕ (ਾਂ)/ਗਿਰਵੀਕਾਰਾਂ ਦਾ ਨਾਮ	ਸਰਫਾਇਸੀ ਐਕਟ 2002 ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ ਬਕਾਇਆ ਰਕਮ / ਕਬਜ਼ੇ ਦੀ ਮਿਤੀ / ਕਬਜ਼ੇ ਦੀ ਕਿਸਮ	ਰਾਖਵੀਂ ਕੀਮਤ ਬਿਆਨਾ ਰਕਮ ਜਮ੍ਹਾਂ (ਈਐਮਡੀ) / ਬੋਲੀ ਵਾਧਾ ਰਕਮ	ਈ-ਨਿਲਾਮੀ ਦੀ ਮਿਤੀ ਅਤੇ ਸਮਾਂ
1.	ਬੀਓ : ਐਸਏਐਮਬੀ, ਚੰਡੀਗੜ੍ਹ ਮੈਸ. ਅਰੋੜਾ ਰਾਈਸ ਮਿਲਜ਼ ਮੈਸਰਜ਼ ਅਰੋੜਾ ਰਾਈਸ ਮਿੱਲਜ਼ (ਕਰਜ਼ਦਾਰ) ਫਾਜ਼ਿਲਕਾ ਰੋਡ ਜਲਾਲਾਬਾਦ ਵੈਸਟ, ਜ਼ਿਲ੍ਹਾ ਫਾਜ਼ਿਲਕਾ ਪੰਜਾਬ-152024, ਬ੍ਰਿਜ ਮੋਹਨ ਪੁੱਤਰ ਸ਼੍ਰੀ ਰਾਮ ਚੰਦ (ਭਾਈਵਾਲ) ਮਕਾਨ ਨੰ. 1923, ਸਟਰੀਟ 4ਏ, ਕੈਲਾਸ਼ ਨਗਰ, ਫਾਜ਼ਿਲਕਾ, ਪੰਜਾਬ-152024, ਸ਼੍ਰੀਮਤੀ ਰਾਜ ਰਾਣੀ ਸਪੁੱਤਰੀ ਸ਼੍ਰੀ ਰਾਮ ਲਾਲ (ਭਾਈਵਾਲ) ਮਕਾਨ ਨੰ. 262, ਸਿਵਲ ਹਸਪਤਾਲ ਰੋਡ, ਜਲਾਲਾਬਾਦ ਵੈਸਟ, ਜ਼ਿਲ੍ਹਾ ਫਾਜ਼ਿਲਕਾ, ਪੰਜਾਬ-152024, ਸ਼੍ਰੀ ਰਾਮ ਲਾਲ (ਜ਼ਾਮਨ, ਕਾਨੂੰਨੀ ਵਾਰਸਾਂ ਰਾਹੀਂ ਮਿਆਦ ਪੁੱਗ ਚੁੱਕੀ ਹੈ) ਦੁਕਾਨ ਨੰਬਰ 32, ਨਵੀਂ ਅਨਾਜ ਮੰਡੀ, ਜਲਾਲਾਬਾਦ ਵੈਸਟ, ਜ਼ਿਲ੍ਹਾ ਫਾਜ਼ਿਲਕਾ, ਪੰਜਾਬ-152024, ਸ਼੍ਰੀ ਅਸ਼ੋਕ ਕੁਮਾਰ (ਜ਼ਾਮਨ) ਮਕਾਨ ਨੰ. 262, ਸਿਵਲ ਹਸਪਤਾਲ ਸਟਰੀਟ, ਵਾਰਡ ਨੰਬਰ 10 ਜਲਾਲਾਬਾਦ ਵੈਸਟ, ਪੰਜਾਬ - 152024, ਸ਼੍ਰੀਮਤੀ ਸ਼ਸ਼ੀ ਬਾਲਾ (ਜ਼ਾਮਨ) ਮਕਾਨ ਨੰ. 262, ਸਿਵਲ ਹਸਪਤਾਲ ਵਾਲੀ ਗਲੀ, ਵਾਰਡ ਨੰ. 10 ਜਲਾਲਾਬਾਦ ਪੱਛਮੀ, ਪੰਜਾਬ 152024, ਸ਼੍ਰੀ ਸੁਭਾਸ਼ ਚੰਦਰ (ਜ਼ਾਮਨ) ਸਿਵਲ ਹਸਪਤਾਲ ਰੋਡ, ਜਲਾਲਾਬਾਦ (ਪੱਛਮੀ), ਪੰਜਾਬ 152024, ਮੈਸਰਜ਼ ਰਾਮ ਲਾਲ ਅਸ਼ੋਕ ਕੁਮਾਰ (ਕਾਰਪੋਰੇਟ ਜ਼ਾਮਨ) ਦੁਕਾਨ ਨੰਬਰ 32, ਨਵੀਂ ਅਨਾਜ ਮੰਡੀ, ਜਲਾਲਾਬਾਦ ਪੱਛਮੀ, ਜ਼ਿਲ੍ਹਾ ਫਾਜ਼ਿਲਕਾ, ਪੰਜਾਬ-152024, ਸ਼੍ਰੀ ਰਣਜੀਤ ਸਿੰਘ (ਜ਼ਾਮਨ) ਪਿੰਡ ਅਤੇ ਡਾਕਖਾਨਾ ਚੱਕ ਖੇੜੇ ਵਾਲਾ, ਤਹਿਸੀਲ ਜਲਾਲਾਬਾਦ, ਪੰਜਾਬ-152024, ਸ਼੍ਰੀ ਰਾਜਨ ਵਾਟਸ ਪੁੱਤਰ ਬ੍ਰਿਜ ਮੋਹਨ (ਜ਼ਾਮਨ), ਮਕਾਨ ਨੰਬਰ 4ਏ, ਕੈਲਾਸ਼ ਨਗਰ, ਫਾਜ਼ਿਲਕਾ, ਪੰਜਾਬ - 152024, ਸ਼੍ਰੀ ਨਵਦੀਪ ਕੁਮਾਰ ਅਸੀਜਾ (ਜ਼ਾਮਨ) ਮਕਾਨ ਨੰਬਰ 784, ਪੀ.ਐਨ.ਬੀ. ਸਟਰੀਟ, ਜਲਾਲਾਬਾਦ (ਪੱਛਮੀ) ਪੰਜਾਬ-152024, ਸ਼੍ਰੀ ਭਾਰਤ ਵਾਟਸ (ਜ਼ਾਮਨ), ਮਕਾਨ ਨੰ. 4 ਏ, ਕੈਲਾਸ਼ ਨਗਰ, ਫਾਜ਼ਿਲਕਾ, ਪੰਜਾਬ - 152024, ਸ਼੍ਰੀ ਗੌਰਵ ਅਨੇਜਾ (ਜ਼ਾਮਨ) ਸਿਵਲ ਹਸਪਤਾਲ ਰੋਡ, ਜਲਾਲਾਬਾਦ (ਪੱਛਮੀ), ਪੰਜਾਬ - 152024, ਸ਼੍ਰੀ ਅੰਕੁਸ਼ ਅਸੀਜਾ (ਜ਼ਾਮਨ) ਮਕਾਨ ਨੰਬਰ 784, ਜਲਾਲਾਬਾਦ (ਪੱਛਮੀ), ਪੰਜਾਬ - 152024, ਸ਼੍ਰੀ ਰਣਜੀਤ ਸਿੰਘ (ਜ਼ਾਮਨ) ਪਿੰਡ ਅਤੇ ਡਾਕਖਾਨਾ ਚੱਕ ਖੇੜੇ ਵਾਲਾ, ਤਹਿਸੀਲ ਜਲਾਲਾਬਾਦ, ਪੰਜਾਬ-152024, ਸ਼. ਦੀਪਕ ਗੁੰਬਰ (ਜ਼ਾਮਨ), ਸੀ-405, ਵਾਰਡ ਨੰ: 11, ਗਲੀ ਪ੍ਰਭਦਿਆਲ, ਜਲਾਲਾਬਾਦ (ਪੱਛਮੀ) ਜ਼ਿਲ੍ਹਾ ਫਾਜ਼ਿਲਕਾ, ਪੰਜਾਬ-152024	1. ਰਿਹਾਇਸ਼ੀ ਏਰੀਆ (ਖਾਲੀ ਪਲਾਟ) ਖਸਰਾ #5//9/2 (1-0), 8 (8-0) ਮਾਪ 1 ਕਨਾਲ ਭਾਵ 605 ਵਰਗ ਗਜ਼ ਰਾਮ ਸ਼ਰਨਾ ਕਲੋਨੀ ਨੇੜੇ ਕੋਠੀ ਰੋਹਨ ਲਾਲ ਅਜੀਜਾ ਜਲਾਲਾਬਾਦ (ਪੱਛਮ) ਵਿਖੇ ਸਥਿਤ, ਜਿਸਦੀ ਆਰਟੀਡੀ ਨੰਬਰ 2146 ਮਿਤੀ 14.07.11 ਸ਼੍ਰੀ ਗੌਰਵ ਕੁਮਾਰ ਦੇ ਨਾਮ 'ਤੇ ਹੈ। ਨੋਟ:- ਜਾਇਦਾਦ ਦੀ ਸਹੀ ਚੰਗ ਨਾਲ ਨਿਸ਼ਾਨਦੇਹੀ ਨਹੀਂ ਕੀਤੀ ਗਈ ਹੈ, ਕਿਉਂਕਿ ਅਜਿਹੀ ਜਾਇਦਾਦ ਦੀ ਨਿਲਾਮੀ ਇਸ ਤਰ੍ਹਾਂ ਹੈ, ਜੋ ਵੀ ਹੈ, ਇਹਨਾਂ ਆਧਾਰਾਂ 'ਤੇ ਕੀਤੀ ਜਾ ਰਹੀ ਹੈ। ਖੁਲਾਸਾ : ਐਸਏ (ਸੁਰੱਖਿਅਣ ਅਰਜ਼ੀ) ਨੰ. ਐਸਏ 73/2021 ਡੀਆਰਟੀ 1 ਚੰਡੀਗੜ੍ਹ ਵਿਚ ਲੰਬਿਤ ਹੈ।	08.07.2020 ਰੁ. 16,18,35,323.98 ਜਮ੍ਹਾਂ ਠੇਕਾ ਦਰ 'ਤੇ 01.04.2020 ਤੋਂ ਪ੍ਰਭਾਵੀ ਵਿਆਜ ਅਤੇ ਹੋਰ ਫੀਸਾਂ, ਮਨਫੀ ਵਸੂਲੀ, ਪੂਰਨ ਭੁਗਤਾਨ ਹੋਣ ਤੱਕ 08.10.2020 ਸੰਕੇਤਕ ਕਬਜ਼ਾ	ਮੁੱ.ਰੁ.: ਰੁ. 18,51,300/- ਈਐਮਡੀ : ਰੁ. 1,85,130/- ਬੋਲੀ ਵਾਧਾ ਰਕਮ ਰੁ. :50,000/-	26/05/2026 From 11.00 AM to 4.00 PM
2.	ਬੀਓ: ਐਸਏਐਮਬੀ, ਚੰਡੀਗੜ੍ਹ ਮੈਸ. ਆਰ.ਬੀ. ਰਾਈਸ ਇੰਡਸਟ੍ਰੀਜ਼ ਮੈਸ. ਆਰ.ਬੀ. ਰਾਈਸ ਇੰਡਸਟ੍ਰੀਜ਼ (ਕਰਜ਼ਦਾਰ) ਪਤਾ- ਪਿੰਡ ਅਤੇ ਡਾਕਖਾਨਾ ਰਾਣਾ, ਜ਼ਿਲ੍ਹਾ ਫਾਜ਼ਿਲਕਾ ਪਿੰਨ-152024, ਸ਼੍ਰੀ ਦੀਪਕ ਕੁਮਾਰ; ਭਾਈਵਾਲ/ਜ਼ਾਮਨ/ਗਿਰਵੀਕਾਰ/ਕਾਨੂੰਨੀ ਵਾਰਸ ਪੁੱਤਰ ਸਵਰਗੀ ਸ਼੍ਰੀ ਵਿਨੈਦ ਕੁਮਾਰ ਪਤਾ- ਕ੍ਰਿਸ਼ਨਾ ਸਟਰੀਟ, ਜ਼ਿਲ੍ਹਾ ਫਾਜ਼ਿਲਕਾ ਪਿੰਨ-152123, ਸ਼੍ਰੀਮਤੀ ਪੂੰਮਿਲਾ ਰਾਣੀ; ਸਾਥੀ/ਗਾਰੰਟਰ/ਰਖਵਾਨਾ/ਕਾਨੂੰਨੀ ਵਾਰਸ ਪਤਨੀ ਸ਼੍ਰੀ ਅਸ਼ੋਕ ਕੁਮਾਰ ਪਤਾ ਮਕਾਨ ਨੰ. 123, ਵਾਰਡ ਨੰ.-11, ਗਰੇਵਰ ਸਟਰੀਟ ਜਲਾਲਾਬਾਦ (ਪੱਛਮੀ), ਜ਼ਿਲ੍ਹਾ - ਫਾਜ਼ਿਲਕਾ, ਪੰਜਾਬ- 152024, ਸ਼੍ਰੀ ਪਰਵੀਨ; ਭਾਈਵਾਲ/ਜ਼ਾਮਨ/ਗਿਰਵੀਕਾਰ/ਕਾਨੂੰਨੀ ਵਾਰਸ ਪੁੱਤਰ ਸ਼੍ਰੀ ਆਸ਼ੂ ਅਰੋੜਾ ਮਕਾਨ ਨੰਬਰ 123, ਵਾਰਡ ਨੰਬਰ 11, ਗਰੇਵਰ ਸਟਰੀਟ ਜਲਾਲਾਬਾਦ (ਪੱਛਮੀ), ਜ਼ਿਲ੍ਹਾ ਫਾਜ਼ਿਲਕਾ, ਪੰਜਾਬ-152024, ਸ਼੍ਰੀਮਤੀ ਨਿਰਦੇਸ਼: ਭਾਈਵਾਲ/ਜ਼ਾਮਨ/ਗਿਰਵੀਕਾਰ/ਕਾਨੂੰਨੀ ਵਾਰਸ ਪਤਨੀ ਸ਼੍ਰੀ ਸਤੀਸ਼ ਗੁੰਬਰ ਪਤਾ ਮਕਾਨ ਨੰਬਰ 123, ਵਾਰਡ ਨੰਬਰ 11, ਗਰੇਵਰ ਸਟਰੀਟ ਜਲਾਲਾਬਾਦ (ਪੱਛਮੀ), ਜ਼ਿਲ੍ਹਾ ਫਾਜ਼ਿਲਕਾ, ਪੰਜਾਬ-152024, ਸ਼੍ਰੀ ਅਸ਼ੋਕ ਕੁਮਾਰ; ਭਾਈਵਾਲ/ਜ਼ਾਮਨ/ਗਿਰਵੀਕਾਰ/ਕਾਨੂੰਨੀ ਵਾਰਸ ਪੁੱਤਰ ਸ਼੍ਰੀ ਪ੍ਰਭ ਦਿਆਲ ਪਤਾ - ਮਕਾਨ ਨੰਬਰ- 123, ਵਾਰਡ ਨੰਬਰ-11, ਗਰੇਵਰ ਸਟਰੀਟ ਜਲਾਲਾਬਾਦ (ਪੱਛਮ), ਜ਼ਿਲ੍ਹਾ ਫਾਜ਼ਿਲਕਾ, ਪੰਜਾਬ-152024, ਸ਼੍ਰੀਮਤੀ ਨੇਹਾ; ਭਾਈਵਾਲ/ਜ਼ਾਮਨ/ਗਿਰਵੀਕਾਰ/ਕਾਨੂੰਨੀ ਵਾਰਸ ਪਤਨੀ ਸ਼੍ਰੀ ਸੁਪਨੀਤ ਕੁਮਾਰ ਪਤਾ- ਆਸਪਾਸ ਕ੍ਰਿਸ਼ਨਾ ਸਟਰੀਟ, ਫਾਜ਼ਿਲਕਾ, ਪੰਜਾਬ - 152024, ਸ਼੍ਰੀ. ਯੁਵਰਾਜ ਸਿੰਘ; ਸਾਥੀ/ਗਾਰੰਟਰ/ਰੱਖਿਆ ਦੇਣ ਵਾਲਾ/ਕਾਨੂੰਨੀ ਵਾਰਸ ਪੁੱਤਰ ਸ਼੍ਰੀ ਅਸ਼ੋਕ ਕੁਮਾਰ ਪਤਾ- ਘਰ ਨੰ.-123, ਵਾਰਡ ਨੰ.-11, ਗਰੇਵਰ ਸਟਰੀਟ, ਜਲਾਲਾਬਾਦ (ਪੱਛਮ), ਜ਼ਿਲ੍ਹਾ ਫਾਜ਼ਿਲਕਾ-152024, ਸ਼੍ਰੀਮਤੀ ਪਿੰਕੀ ਦੇਵੀ; ਭਾਈਵਾਲ/ਜ਼ਾਮਨ/ਗਿਰਵੀਕਾਰ/ਕਾਨੂੰਨੀ ਵਾਰਸ ਪਤਨੀ ਸਵਰਗੀ ਸ਼੍ਰੀ ਵਿਨੈਦ ਕੁਮਾਰ ਪਤਾ-ਘਰ ਪਿੰਡ ਕ੍ਰਿਸ਼ਨਾ ਸਟਰੀਟ, ਫਾਜ਼ਿਲਕਾ, ਪੰਜਾਬ - 152024, ਸ਼੍ਰੀਮਤੀ ਗੀਤਾ; ਭਾਈਵਾਲ/ਜ਼ਾਮਨ/ਗਿਰਵੀਕਾਰ/ਕਾਨੂੰਨੀ ਵਾਰਸ ਪਤਨੀ ਸ਼੍ਰੀ ਸਤੀਸ਼ ਕੁਮਾਰ ਪਤਾ-ਮਕਾਨ ਨੰ. 123, ਵਾਰਡ ਨੰ. 11, ਗਰੇਵਰ ਸਟਰੀਟ, ਜਲਾਲਾਬਾਦ (ਪੱਛਮ), ਜ਼ਿਲ੍ਹਾ ਫਾਜ਼ਿਲਕਾ-152024।	1. 6 ਕਨਾਲ 8 ਮਰਲੇ ਦਾ ਖਾਲੀ ਪਲਾਟ ਯਾਨੀ ਕਿ 14 ਕਨਾਲ 16 ਮਰਲੇ ਦਾ 148/296 ਹਿੱਸਾ ਜਿਸ ਵਿੱਚ ਰੈਕਟ ਅਤੇ ਕਿਲਾ ਨੰਬਰ 105//23 ਮਿੰਟ (8-0) 24 ਮਿੰਟ (6-16) ਖੇਵਟ ਅਤੇ ਖਤੌਨੀ ਨੰਬਰ 696/1136 (ਪੁਰਾਣਾ) 495/908) ਪਿੰਡ ਮਲਕਪੁਰ ਤਹਿਸੀਲ ਅਤੇ ਜ਼ਿਲ੍ਹਾ ਮਾਨਸਾ ਵਿਖੇ ਸਥਿਤ ਹੈ, ਜਿਸ ਦੇ ਮਾਪ ਮੁੱਲਾਂਕਣ ਰਿਪੋਰਟ ਅਨੁਸਾਰ ਹੇਠ ਲਿਖੇ ਅਨੁਸਾਰ ਹਨ: ਉੱਤਰ:- ਲਕਸ਼ਮੀ ਦੇਵੀ 198'0", ਦੱਖਣ:- ਪਾਹੀ 3 ਕਰਮ ਚੌੜਾ 198'0 "ਪੂਰਬ:- 203'6" ਪਾਹੀ ਕਰਮ ਚੌੜਾ ਪੱਛਮ:- 203'6" ਮਨਪ੍ਰੀਤ ਸਿੰਘ ਦੁਆਰਾ ਰਜਿਸਟਰਡ ਟਾਈਟਲ ਡੀਡ ਨੰਬਰ 1330 ਮਿਤੀ 12.06.2008 ਸ਼੍ਰੀ. ਸ਼ਾਮ ਲਾਲ ਅਤੇ ਸੋਹਨ ਲਾਲ ਪੁੱਤਰ ਹੇਮ ਰਾਜ ਪੁੱਤਰ ਸ਼੍ਰੀ ਦੁਨੀ ਚੰਦ ਨਿਵਾਸੀ ਸੋਢੀ ਸਟਰੀਟ, ਵਾਟਰ ਵਰਕਸ ਰੋਡ, ਮਾਨਸਾ ਤਹਿਸੀਲ ਅਤੇ ਜ਼ਿਲ੍ਹਾ ਮਾਨਸਾ ਦੇ ਹੱਕ ਵਿੱਚ ਮਾਲਕੀ ਡੀਡ ਨੰਬਰ 3646 ਮਿਤੀ 24.11.2017 ਦਾ ਤਬਾਦਲਾ ਅਤੇ ਸ਼੍ਰੀ ਸ਼ਾਮ ਲਾਲ ਪੁੱਤਰ ਹੇਮ ਰਾਜ ਪੁੱਤਰ ਸ਼੍ਰੀ ਦੁਨੀ ਚੰਦ ਨਿਵਾਸੀ ਸੋਢੀ ਸਟਰੀਟ, ਵਾਟਰ ਵਰਕਸ ਰੋਡ, ਮਾਨਸਾ ਤਹਿਸੀਲ ਅਤੇ ਜ਼ਿਲ੍ਹਾ ਮਾਨਸਾ ਦੇ ਹੱਕ ਵਿੱਚ ਉੱਤਰ:- ਲਕਸ਼ਮੀ ਦੇਵੀ 198'0÷, ਦੱਖਣ:- ਪਾਹੀ 3 ਕਰਮ ਚੌੜਾ 198'0" ਪੂਰਬ:- 203'6" ਪਾਹੀ ਕਰਮ ਚੌੜਾ ਪੱਛਮ:- 203'6" ਮਨਪ੍ਰੀਤ ਸਿੰਘ ਦੁਆਰਾ ਰਜਿਸਟਰਡ ਟਾਈਟਲ ਡੀਡ ਨੰਬਰ 1330 ਮਿਤੀ 12.06.2008 ਸ਼੍ਰੀ ਸ਼ਾਮ ਲਾਲ ਅਤੇ ਸੋਹਨ ਲਾਲ ਪੁੱਤਰ ਹੇਮ ਰਾਜ ਪੁੱਤਰ ਸ਼੍ਰੀ ਦੁਨੀ ਚੰਦ ਨਿਵਾਸੀ ਸੋਢੀ ਸਟਰੀਟ, ਵਾਟਰ ਵਰਕਸ ਰੋਡ, ਮਾਨਸਾ ਤਹਿਸੀਲ ਅਤੇ ਜ਼ਿਲ੍ਹਾ ਮਾਨਸਾ ਦੇ ਹੱਕ ਵਿੱਚ ਮਾਲਕੀ ਡੀਡ ਨੰਬਰ 3646 ਮਿਤੀ 24.11.2017 ਦਾ ਤਬਾਦਲਾ। 3646 ਮਿਤੀ 24.11.2017 ਨੂੰ ਸ਼੍ਰੀ ਸ਼ਾਮ ਲਾਲ ਪੁੱਤਰ ਹੇਮ ਰਾਜ ਪੁੱਤਰ ਸ਼੍ਰੀ ਦੁਨੀ ਚੰਦ ਨਿਵਾਸੀ ਸੋਢੀ ਗਲੀ, ਵਾਟਰ ਵਰਕਸ ਰੋਡ, ਮਾਨਸਾ ਤਹਿਸੀਲ ਅਤੇ ਜ਼ਿਲ੍ਹਾ ਮਾਨਸਾ ਦੇ ਹੱਕ ਵਿੱਚ।	ਮੁੱ.ਰੁ.: ਰੁ. 35,27,810/- ਈਐਮਡੀ : ਰੁ. 3,52,781/- ਬੋਲੀ ਵਾਧਾ ਰਕਮ ਰੁ. : 1,00,000/-	26/05/2026 From 11.00 AM to 4.00 PM
		2. 19 ਕਨਾਲ 13 ਮਰਲੇ ਦਾ ਉਦਯੋਗਿਕ ਪਲਾਟ 1) 6 ਕਨਾਲ 11 ਮਰਲੇ ਦੀ ਜ਼ਮੀਨ ਭਾਵ ਕੁੱਲ ਜ

ਮਾਨ ਵੱਲੋਂ ਵਿਸ਼ਵ ਪੱਧਰੀ ਸਹੂਲਤਾਂ ਨਾਲ ਲੈਸ 250 ਪੇਂਡੂ ਖੇਡ ਮੈਦਾਨਾਂ ਦਾ ਉਦਘਾਟਨ, ਪੰਜਾਬ ਦੇ ਪਿੰਡਾਂ ਤੋਂ ਅੰਤਰਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਹੋਣਗੇ

➢ *ਪੰਜਾਬ ਭਰ ਵਿੱਚ 3,100 ਪੇਂਡੂ ਖੇਡ ਮੈਦਾਨ ਕੀਤੇ ਜਾ ਰਹੇ ਵਿਕਸਤ, 15 ਜੁਲਾਈ ਤੱਕ ਪੜਾਅਵਾਰ ਢੰਗ ਨਾਲ ਬਾਕੀ ਰਹਿੰਦੇ ਸਾਰੇ ਮੈਦਾਨ ਵੀ ਲੋਕਾਂ ਨੂੰ ਸਮਰਪਿਤ ਕਰ ਦਿੱਤੇ ਜਾਣਗੇ : ਭਗਵੰਤ ਸਿੰਘ ਮਾਨ*

➢ *ਆਪ ਸਰਕਾਰ ਦਾ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਅਤੇ ਖਿਡਾਰੀਆਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮੁਕਾਬਲਾ ਕਰਨ ਦੇ ਯੋਗ ਬਣਾਉਣਾ: ਮੁੱਖ ਮੰਤਰੀ*



ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ), 4 ਮਈ (ਅਸ਼ਵਨੀ ਗੌੜ): ਪੰਜਾਬ ਦੇ ਪਿੰਡਾਂ ਨੂੰ ਖੇਡ ਬੁਨਿਆਦੀ ਢਾਂਚੇ ਦੇ ਵਿਕਾਸ ਦੇ ਕੇਂਦਰ ਵਿੱਚ ਰੱਖਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਰਾਜ ਭਰ ਵਿੱਚ 15 ਜੁਲਾਈ ਤੱਕ ਵਿਸ਼ਵ ਪੱਧਰੀ ਸਹੂਲਤਾਂ ਵਾਲੇ 3,100 ਖੇਡ ਮੈਦਾਨ ਲੋਕਾਂ ਨੂੰ ਸਮਰਪਿਤ ਕਰਨਗੇ, ਜਿਨ੍ਹਾਂ ਵਿੱਚੋਂ ਅੱਜ ਉਨ੍ਹਾਂ ਨੇ 250 ਖੇਡ ਮੈਦਾਨ ਦਾ ਉਦਘਾਟਨ ਕੀਤਾ। ਨੌਜਵਾਨਾਂ ਵਿੱਚ ਨਸ਼ਿਆਂ ਦੀ ਸਮੱਸਿਆ ਨੂੰ ਦੂਰ ਕਰਨ ਲਈ ਖੇਡਾਂ ਦੀ ਭੂਮਿਕਾ ਨੂੰ ਅਹਿਮ ਦੱਸਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ ਸਿਰਫ਼ ਬੁਨਿਆਦੀ ਢਾਂਚਾ ਵਿਕਸਿਤ ਨਹੀਂ ਕਰ ਰਹੀ, ਸਗੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮੁਕਾਬਲਾ ਕਰਨ ਦੇ ਯੋਗ ਖਿਡਾਰੀ ਪੈਦਾ ਕਰਨ ਦੇ ਉਦੇਸ਼ ਨਾਲ ਨੌਜਵਾਨਾਂ ਨੂੰ ਮੁਫ਼ਤ ਸਿਖਲਾਈ, ਪੇਸ਼ੇਵਰ ਕੋਚਾਂ ਅਤੇ ਖੇਡ ਉਪਕਰਨ ਪ੍ਰਦਾਨ ਕਰਕੇ ਇਸ ਕਦਮ ਨੂੰ ਵੱਧ ਤੋਂ ਵੱਧ ਹੁਲਾਰਾ ਵੀ ਦੇ ਰਹੀ ਹੈ। ਖੇਡਾਂ 'ਚ ਨਿਵੇਸ਼ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਖੇਡ ਬਜਟ, ਜੋ ਪਹਿਲਾਂ 200 ਕਰੋੜ ਰੁਪਏ ਤੋਂ ਵੀ ਘੱਟ ਸੀ, ਨੂੰ ਵਧਾ ਕੇ ਉਨ੍ਹਾਂ ਦੀ ਸਰਕਾਰ ਨੇ 1,790 ਕਰੋੜ ਕਰ ਦਿੱਤਾ ਹੈ। ਇਸਦੇ ਨਾਲ ਹੀ ਕਿਲਾ ਰਾਏਪੁਰ 'ਪੇਂਡੂ ਓਲੰਪਿਕ' ਦੀ ਸ਼ੁਰੂਆਤ ਰਾਹੀਂ ਪੰਜਾਬ ਦੀ ਖੇਡ ਵਿਰਾਸਤ ਨੂੰ ਮੁੜ ਸੁਰਜੀਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਪੰਜਾਬ ਪਹਿਲੀ ਵਾਰ ਏਸ਼ੀਅਨ ਹਾਕੀ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਕਰਨ ਕਰਨ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਭਗਵੰਤ ਮਾਨ ਸਰਕਾਰ ਸੂਬੇ ਨੂੰ ਦੇਸ਼ ਅਤੇ ਪੂਰੇ ਵਿਸ਼ਵ ਭਰ ਦੇ ਖੇਡ ਨਕਸ਼ੇ 'ਤੇ ਮਜ਼ਬੂਤੀ ਨਾਲ ਖੜ੍ਹਾ ਕਰਨ ਦਾ ਦ੍ਰਿਸ਼ਟੀਕੋਣ ਲੈ ਕੇ ਚੱਲ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਹਰ ਪਿੰਡ ਦੇ ਵਿਕਾਸ ਨੂੰ ਉਸੇ ਖਜ਼ਾਨੇ 'ਚੋਂ ਯਕੀਨੀ ਬਣਾ ਰਹੀ ਹੈ, ਪਿਛਲੀਆਂ ਸਰਕਾਰਾਂ ਜਿਸ ਦੇ ਖਾਲੀ ਹੋਣ ਦਾ ਦਾਅਵਾ ਕਰਦੀਆਂ ਰਹੀਆਂ ਹਨ।

ਨਵੇਂ ਬਣੇ 250 ਪੇਂਡੂ ਖੇਡ ਮੈਦਾਨਾਂ ਦਾ ਉਦਘਾਟਨ ਕਰਨ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ 'ਆਪ' ਸਰਕਾਰ ਸੂਬੇ ਦੇ ਖੇਡ ਮਾਹੌਲ ਨੂੰ ਬਦਲਣ ਲਈ ਵੱਡੇ ਪੱਧਰ 'ਤੇ ਯਤਨ ਕਰ ਰਹੀ ਹੈ, ਜਿਸਦਾ ਸਪੱਸ਼ਟ ਉਦੇਸ਼ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਅਤੇ ਉਨ੍ਹਾਂ ਦੀ ਊਰਜਾ ਨੂੰ ਉਸਾਰੂ ਪਾਸੇ ਲਾਉਣਾ ਹੈ। ਉਨ੍ਹਾਂ ਕਿਹਾ ਕਿ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਸੂਬਾ ਸਰਕਾਰ ਦੇ ਨਸ਼ਿਆਂ ਵਿਰੁੱਧ ਯੁੱਧ ਵਿੱਚ ਸਭ ਤੋਂ ਪ੍ਰਭਾਵਸ਼ਾਲੀ ਸਾਧਨ ਹੋ ਸਕਦਾ ਹੈ। ਨੌਜਵਾਨਾਂ ਦੀ ਬੇਅੰਤ ਊਰਜਾ ਨੂੰ ਸਹੀ ਪਾਸੇ ਲਾਉਣ ਲਈ ਖੇਡਾਂ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਤਾਂ ਜੋ ਉਹ ਖੇਡਾਂ ਵਿੱਚ ਵੱਡੀਆਂ ਮੱਲਾਂ ਮਾਰ ਸਕਣ। ਉਨ੍ਹਾਂ ਕਿਹਾ ਕਿ ਜਿਹੜੇ ਨੌਜਵਾਨ ਖੇਡਾਂ ਵਿੱਚ ਲੱਗੇ ਹੋਏ ਹਨ ਉਨ੍ਹਾਂ ਕੋਲ ਤਾਂ ਨਸ਼ਿਆਂ ਵੱਲ ਦੇਖਣ ਤੱਕ ਦਾ ਵੀ ਸਮਾਂ ਨਹੀਂ ਹੈ, ਕਿਉਂਕਿ ਉਨ੍ਹਾਂ ਦਾ ਸਾਰਾ ਧਿਆਨ ਆਪਣੇ-ਆਪਣੇ ਖੇਤਰਾਂ ਵਿੱਚ ਬੁਲੰਦੀ ਹਾਸਲ ਕਰਨ 'ਤੇ ਕੇਂਦਰਤ ਰਹਿੰਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਹ ਸੂਬੇ ਵਿੱਚੋਂ ਨਸ਼ਿਆਂ ਦੇ ਕੋਹੜ ਨੂੰ ਖਤਮ ਕਰਨ ਅਤੇ ਨੌਜਵਾਨਾਂ ਨੂੰ ਸਮਾਜਿਕ-ਆਰਥਿਕ ਵਿਕਾਸ ਵਿੱਚ ਬਰਾਬਰ ਦੇ ਭਾਈਵਾਲ ਬਣਾਉਣ ਵਿੱਚ ਵਧੇਰੇ ਮੱਦਦਗਾਰ ਸਿੱਧ ਹੋਵੇਗਾ।

ਇਸ ਪਹਿਲਕਦਮੀ ਬਾਰੇ ਵਿਸਥਾਰ 'ਚ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨੌਜਵਾਨਾਂ ਦੇ ਸਿਹਤਮੰਦ ਸਰੀਰ ਅਤੇ ਤੰਦਰੁਸਤ ਮਨ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਪਹਿਲੇ ਪੜਾਅ ਤਹਿਤ 1,250 ਕਰੋੜ ਦੀ ਲਾਗਤ ਨਾਲ ਰਾਜ ਭਰ ਵਿੱਚ ਆਧੁਨਿਕ ਸਹੂਲਤਾਂ ਨਾਲ ਲੈਸ 3,100 ਪੇਂਡੂ ਖੇਡ ਮੈਦਾਨ ਵਿਕਸਤ ਕਰ ਰਹੀ ਹੈ। ਇਨ੍ਹਾਂ ਵਿੱਚੋਂ 250 ਮੈਦਾਨ ਅੱਜ ਸਮਰਪਿਤ ਕਰ ਦਿੱਤੇ ਗਏ ਹਨ ਅਤੇ ਬਾਕੀ ਰਹਿੰਦੇ ਸਾਰੇ ਮੈਦਾਨ ਪੜਾਅਵਾਰ ਢੰਗ ਨਾਲ 15 ਜੁਲਾਈ ਤੱਕ ਸਮਰਪਿਤ ਕਰ ਦਿੱਤੇ ਜਾਣਗੇ। ਇਸਦੇ ਪੜਾਅਵਾਰ ਲਾਗੂਕਰਨ ਬਾਰੇ ਹੋਰ ਜਾਣਕਾਰੀ ਦਿੰਦਿਆਂ 250 ਮੈਦਾਨ ਅੱਜ ਸਮਰਪਿਤ ਕੀਤੇ ਗਏ ਹਨ ਅਤੇ ਬਾਕੀ 500 ਮੈਦਾਨ 15 ਮਈ ਨੂੰ, 250 ਮੈਦਾਨ 31 ਮਈ ਨੂੰ, 500 ਮੈਦਾਨ 15 ਜੂਨ ਨੂੰ, 1,000 ਮੈਦਾਨ 30 ਜੂਨ ਨੂੰ ਅਤੇ 600 ਮੈਦਾਨ 15 ਜੁਲਾਈ ਨੂੰ ਸਮਰਪਿਤ ਕੀਤੇ ਜਾਣਗੇ। ਨਸ਼ਾ ਵਿਰੋਧੀ ਮੁਹਿੰਮ ਵਿੱਚ ਇਨ੍ਹਾਂ ਮੈਦਾਨਾਂ ਦੀ ਭੂਮਿਕਾ 'ਤੇ ਜ਼ੋਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਪੇਂਡੂ ਖੇਡ ਮੈਦਾਨ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਅਹਿਮ ਤੇ ਇਨਕਲਾਬੀ ਭੂਮਿਕਾ ਨਿਭਾਉਣਗੇ। ਇਹ ਨਾ ਸਿਰਫ਼ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਉਤਸ਼ਾਹਿਤ ਕਰਨਗੇ ਸਗੋਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਤਗ਼ਮੇ ਜਿੱਤਣ ਦੇ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਵੀ ਮੱਦਦ ਕਰਨਗੇ। ਇਹ ਮੈਦਾਨ ਉੱਭਰਦੇ ਖਿਡਾਰੀਆਂ ਲਈ ਉਮੀਦ ਦੀ ਕਿਰਨ ਵਜੋਂ ਕੰਮ ਕਰਨਗੇ ਅਤੇ ਪੰਜਾਬ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨਗੇ।"

ਸਹੂਲਤਾਂ ਗਿਣਾਉਂਦਿਆਂ ਉਨ੍ਹਾਂ ਕਿਹਾ, ''ਹਰੇਕ ਮੈਦਾਨ ਵਿੱਚ ਚਾਰਦੀਵਾਰੀ ਹੋਵੇਗੀ, ਜਿਸਦੇ ਘੇਰੇ ਦੇ ਨਾਲ-ਨਾਲ ਪੌਦੇ ਲਗਾਏ ਜਾਣਗੇ, ਛੇ ਫੁੱਟ ਚੌੜਾ ਵਾਕਿੰਗ ਟਰੈਕ ਹੋਵੇਗਾ ਅਤੇ ਸਵੇਰੇ ਅਤੇ ਸ਼ਾਮ ਲਈ ਫਲੱਡ ਲਾਈਟਾਂ ਦੀ ਸਹੂਲਤ ਹੋਵੇਗੀ। ਇਸ ਤੋਂ ਇਲਾਵਾ ਵਾਲੀਬਾਲ, ਫੁੱਟਬਾਲ ਅਤੇ ਹਾਕੀ ਲਈ ਕੋਰਟ ਦੇ ਨਾਲ-ਨਾਲ ਸਥਾਨਕ ਤੌਰ 'ਤੇ ਪ੍ਰਸਿੱਧ ਖੇਡਾਂ ਲਈ ਵਾਧੂ ਕੋਰਟ ਵੀ ਹੋਣਗੇ।" ਉਨ੍ਹਾਂ ਅੱਗੇ ਕਿਹਾ, "ਸਹੂਲਤਾਂ ਵਿੱਚ 400 ਮੀਟਰ ਛੇ-ਲੇਨ ਰਨਿੰਗ ਟਰੈਕ, ਵੱਡੀ ਸਮਰਥਾ ਵਾਲੀ ਲਾਈਟਿੰਗ ਸਹੂਲਤ, ਸਪ੍ਰਿੰਕਲਰ ਸਿਸਟਮ ਵਾਲੇ ਸਬਮਰਸੀਬਲ ਪੰਪ, ਕੰਕਰੀਟ ਬੈਂਚ, ਬੱਚਿਆਂ ਦੇ ਖੇਡਣ ਲਈ ਥਾਂ, ਪੁਰਸ਼ਾਂ ਅਤੇ ਔਰਤਾਂ ਲਈ ਪਖਾਨੇ, ਵ ?ਹੀਲਚੇਅਰ ਰੈਂਪ ਅਤੇ ਖੇਡ ਉਪਕਰਣਾਂ ਨੂੰ ਸਾਂਭਣ ਲਈ ਸਟੋਰੇਜ ਦਾ ਪ੍ਰਬੰਧ ਵੀ ਹੋਵੇਗਾ।" ਸਿਖਲਾਈ ਅਤੇ ਸਹਾਇਤਾ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਖੇਡ ਕਿੱਟਾਂ ਤੇ ਉਪਕਰਣ ਵੰਡਣ ਅਤੇ ਨੌਜਵਾਨਾਂ ਨੂੰ ਮਿਆਰੀ ਸਿਖਲਾਈ ਦੇਣ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਸਾਰੇ ਮੈਦਾਨਾਂ ਲਈ ਫੁੱਟਬਾਲ ਅਤੇ ਵਾਲੀਬਾਲ ਕੋਚ ਨਿਯੁਕਤ ਕੀਤੇ ਜਾਣਗੇ ਅਤੇ ਬੱਚਿਆਂ ਨੂੰ ਮੁਫਤ ਸਿਖਲਾਈ ਦਿੱਤੀ ਜਾਵੇਗੀ ਤਾਂ ਜੋ ਉਹ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮੱਲਾਂ ਮਾਰ ਕਰ ਸਕਣ।" ਉਨ੍ਹਾਂ ਅੱਗੇ ਕਿਹਾ, "ਇਨ੍ਹਾਂ ਮੈਦਾਨਾਂ ਦੇ ਰੱਖ-ਰਖਾਅ ਲਈ ਗ੍ਰਾਮੀਣ ਖੇਡਾਂ ਅਤੇ ਤੰਦਰੁਸਤੀ ਕਮੇਟੀਆਂ ਬਣਾਈਆਂ ਜਾਣਗੀਆਂ।"

ਵਿੱਤੀ ਵਚਨਬੱਧਤਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ, "ਸੂਬੇ ਨੇ ਖੇਡ ਬਜਟ ਵਿੱਚ ਇਤਿਹਾਸਕ ਵਾਧਾ ਹੋਇਆ ਹੈ, ਜਿਸ ਤਹਿਤ 2026-27 ਲਈ 1791 ਕਰੋੜ ਰੁਪਏ ਅਲਾਟ ਕੀਤੇ ਗਏ ਹਨ। ਸਾਲ 2023 ਵਿੱਚ ਪੇਸ਼ ਕੀਤੀ ਗਈ ਇੱਕ ਨਵੀਂ ਖੇਡ ਨੀਤੀ ਨੌਜਵਾਨਾਂ ਨੂੰ ਤਿਆਰੀ ਲਈ ਵਿੱਤੀ ਸਹਾਇਤਾ ਨੂੰ ਯਕੀਨੀ ਬਣਾਉਂਦੀ ਹੈ, ਜਿਸ ਵਿੱਚ ਓਲੰਪਿਕ ਲਈ 15 ਲੱਖ ਅਤੇ ਏਸ਼ੀਆਈ ਖੇਡਾਂ ਲਈ 8 ਲੱਖ ਰਪਏ ਦੀ ਸਹੂਲਤ ਹੈ।"ਉਨ੍ਹਾਂ ਅੱਗੇ ਕਿਹਾ, "ਪੈਰਿਸ ਓਲੰਪਿਕ ਦੇ ਕਾਂਸੀ ਤਗ਼ਮਾ ਜੇਤੂ ਹਾਕੀ ਖਿਡਾਰੀਆਂ ਨੂੰ 1-1 ਕਰੋੜ, ਏਸ਼ੀਆਈ ਖੇਡਾਂ ਦੇ ਸੋਨ ਤਗ਼ਮਾ ਜੇਤੂਆਂ ਨੂੰ 1-1 ਕਰੋੜ ਰੁਪਏ ਅਤੇ ਨੌਂ ਓਲੰਪਿਕ ਤਗ਼ਮਾ ਜੇਤੂਆਂ ਨੂੰ ਪੀਸੀਐਸ ਅਤੇ ਡੀਐਸਪੀ ਨੌਕਰੀਆਂ ਦਿੱਤੀਆਂ ਗਈਆਂ ਹਨ।"ਮੁੱਖ ਮੰਤਰੀ ਨੇ ਕਿਹਾ, "'ਖੇਡਾਂ ਵਤਨ ਪੰਜਾਬ ਦੀਆਂ' ਨੇ ਰਾਜ ਵਿੱਚ ਇੱਕ ਮਜ਼ਬੂਤ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕੀਤਾ ਹੈ। ਇਹ ਖੇਡਾਂ ਨੌਜਵਾਨਾਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ ਲਈ ਤਿਆਰ ਕਰਨ ਲਈ ਤਿੰਨ ਸਾਲਾਂ ਲਈ ਕਰਵਾਈਆਂ ਗਈਆਂ ਸਨ, ਜਿਸ ਵਿੱਚ 2024-25 ਦੌਰਾਨ 5 ਲੱਖ ਖਿਡਾਰੀਆਂ ਨੇ ਹਿੱਸਾ ਲਿਆ ਅਤੇ ਤਿੰਨ ਸਾਲਾਂ ਵਿੱਚ 97.3 ਕਰੋੜ ਖਰਚ ਕੀਤੇ ਗਏ।

ਰਵਾਇਤੀ ਖੇਡਾਂ ਨੂੰ ਮੁੜ ਸੁਰਜੀਤ ਕਰਨ ਬਾਰੇ ਉਨ੍ਹਾਂ ਕਿਹਾ, "ਕਿਲਾ ਰਾਏਪੁਰ ਪੇਂਡੂ ਖੇਡਾਂ ਨੇ 'ਮਿੰਨੀ ਓਲੰਪਿਕ' ਵਜੋਂ ਵਿਸ਼ਵ ਪੱਧਰ 'ਤੇ ਮਾਨਤਾ ਹਾਸਲ ਕੀਤੀ ਹੈ। ਪੰਜਾਬ ਵਿਧਾਨ ਸਭਾ ਨੇ 11 ਜੁਲਾਈ, 2025 ਨੂੰ ਸਰਬਸੰਮਤੀ ਨਾਲ ਜਾਨਵਰਾਂ ਪ੍ਰਤੀ ਬੇਰਹਿਮੀ ਦੀ ਰੋਕਥਾਮ ਬਾਰੇ (ਪੰਜਾਬ ਸੋਧ) ਐਕਟ, 2025 ਨੂੰ ਪਾਸ ਕੀਤਾ, ਜਿਸ ਨਾਲ ਬੈਲ ਗੱਡੀਆਂ ਦੀਆਂ ਦੌੜਾਂ ਵਰਗੀਆਂ ਰਵਾਇਤੀ ਪੇਂਡੂ ਖੇਡਾਂ ਨੂੰ ਮੁੜ ਸੁਰਜੀਤ ਕੀਤਾ ਗਿਆ। ਸਾਲ 2014 ਤੋਂ ਬਾਅਦ ਇਸ ਸਾਲ ਇਹ ਦੌੜਾਂ ਇੱਕ ਵਾਰ ਫਿਰ ਖਿੱਚ ਦਾ ਕੇਂਦਰ ਬਣੀਆਂ।"ਖੇਡਾਂ ਵਿੱਚ ਪੰਜਾਬ ਦੇ ਵਧ ਰਹੇ ਕੱਦ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਬਹੁਤ ਮਾਣ ਵਾਲੀ ਗੱਲ ਹੈ ਕਿ ਪਹਿਲੀ ਵਾਰ ਪੰਜਾਬ ਨੂੰ 'ਏਸ਼ੀਅਨ ਚੈਂਪੀਅਨਜ਼ ਟਰਾਫੀ ਹਾਕੀ' ਦੇ ਰੂਪ ਵਿੱਚ ਇੱਕ ਅੰਤਰਰਾਸ਼ਟਰੀ ਈਵੈਂਟ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲਿਆ ਹੈ। ਮਜ਼ਬੂਤ ਪੰਜਾਬੀ ਨੁਮਾਇੰਦਗੀ ਦੇ ਬਾਵਜੂਦ, ਪੰਜਾਬ ਨੇ ਹੁਣ ਤੱਕ ਕਦੇ ਵੀ ਕਿਸੇ ਵੱਡੇ ਹਾਕੀ ਟੂਰਨਾਮੈਂਟ ਦੀ ਮੇਜ਼ਬਾਨੀ ਨਹੀਂ ਕੀਤੀ। ਮੈਚ ਬਲਬੀਰ ਸਿੰਘ ਸੀਨੀਅਰ ਹਾਕੀ ਸਟੇਡੀਅਮ ਅਤੇ ਜਲੰਧਰ ਦੇ ਸੁਰਜੀਤ ਹਾਕੀ ਸਟੇਡੀਅਮ ਵਿੱਚ ਹੋਣਗੇ। ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਿੰਡ ਦੇ ਖਿਡਾਰੀਆਂ ਨੂੰ ਮਿਲੇ, ਕਿੱਟਾਂ ਵੰਡੀਆਂ ਅਤੇ ਵਾਲੀਬਾਲ ਕੋਰਟ 'ਤੇ ਮਹਿਲਾ ਖਿਡਾਰੀਆਂ ਨੂੰ ਵੀ ਹੱਲਾਸ਼ੇਰੀ ਦਿੱਤੀ। ਇਸ ਸਮਾਗਮ ਨੂੰ ਹੋਰ ਉਤਸ਼ਾਹਜਨਕ ਬਣਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪਿੰਡ ਦੇ ਨੌਜਵਾਨ ਖਿਡਾਰੀਆਂ ਨਾਲ ਨੇੜਿਓਂ ਗੱਲਬਾਤ ਕੀਤੀ, ਖੇਡ ਕਿੱਟਾਂ ਵੰਡੀਆਂ ਅਤੇ ਉਨ੍ਹਾਂ ਨੂੰ ਖੇਡਾਂ ਪ੍ਰਤੀ ਉਨ੍ਹਾਂ ਦੇ ਉਤਸ਼ਾਹ ਅਤੇ ਸਮਰਪਣ ਲਈ ਸਨਮਾਨਿਤ ਕੀਤਾ।ਇਸ 'ਤੇ ਲੋਕਾਂ ਤੋਂ ਪ੍ਰਸ਼ੰਸਾ ਕਬੂਲਦਿਆਂ ਉਹਨਾਂ ਨੇ ਵਾਲੀਬਾਲ ਕੋਰਟ ਵਿੱਚ ਮਹਿਲਾ ਖਿਡਾਰੀਆਂ ਨਾਲ ਨਾਲ ਵਾਲੀਬਾਲ ਵੀ ਖੇਡੀ ਅਤੇ ਉਨ੍ਹਾਂ ਨੂੰ ਵਿਸ਼ਵਾਸ ਅਤੇ ਵਚਨਬੱਧਤਾ ਨਾਲ ਖੇਡਾਂ ਨੂੰ ਅੱਗੇ ਵਧਾਉਣ ਲਈ ਪ੍ਰੇਰਿਆ ਕੀਤਾ।ਭਗਵੰਤ ਮਾਨ ਸਰਕਾਰ ਦਾ ਧਿਆਨ ਸਿਰਫ਼ ਬੁਨਿਆਦੀ ਢਾਂਚੇ ਦੇ ਨਿਰਮਾਣ 'ਤੇ ਹੀ ਨਹੀਂ ਹੈ ਸਗੋਂ ਜ਼ਮੀਨੀ ਪੱਧਰ 'ਤੇ ਵਿਸ਼ਵਾਸ, ਸ਼ਮੂਲੀਅਤ ਅਤੇ ਇੱਕ ਮਜ਼ਬੂਤ ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ 'ਤੇ ਵੀ ਹੈ। ਇਸ ਮੌਕੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਅਤੇ ਹੋਰ ਵੀ ਮੌਜੂਦ ਸਨ।

ਸਫ਼ਾ ਤਿੰਨ ਦੀ ਬਾਕੀ

ਬੰਗਾਲ 'ਚ ਭਾਜਪਾ ਨੇ ਗੱਡਿਆ

ਉਮੀਦਵਾਰਾਂ ਨੇ ਵੀ ਸੀਟਾਂ ਦੀ ਗਿਣਤੀ ਵਧਾਉਣ ਵਿੱਚ ਮੱਦਦ ਕੀਤੀ।

ਦੂਜੇ ਪਾਸੇ, ਸੱਤਾਧਾਰੀ ਵਾਮ ਲੋਕਤੰਤਰੀ ਮੋਰਚੇ ਦੇ ਪ੍ਰਦਰਸ਼ਨ ਵਿੱਚ ਪਿਛਲੀ ਵਾਰ ਦੇ ਮੁਕਾਬਲੇ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਐੱਲ.ਡੀ.ਐੱਫ. ਨੂੰ ਸਿਰਫ਼ 35 ਸੀਟਾਂ ਹੀ ਮਿਲੀਆਂ ਹਨ। ਮਾਰਕਸਵਾਦੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.ਐਮ.) ਨੇ 26 ਸੀਟਾਂ ਅਤੇ ਭਾਕਪਾ(ਸੀ.ਪੀ.ਆਈ.) ਨੇ 8 ਸੀਟਾਂ ਹਾਸਲ ਕੀਤੀਆਂ, ਜਦਕਿ ਗੱਠਜੋੜ ਦੇ ਕਈ ਛੋਟੇ ਸਹਿਯੋਗੀ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੇ।

ਭਾਜਪਾ ਦੀ ਅਗਵਾਈ ਵਾਲੇ ਰਾਸ਼ਟਰੀ ਜਨਤੰਤਰਿਕ ਗੱਠਜੋੜ (ਐੱਨ.ਡੀ.ਏ.) ਨੇ ਵੀ ਇਸ ਵਾਰ ਰਾਜ ਵਿੱਚ ਆਪਣੀ ਮੌਜੂਦਗੀ ਦਰਜ ਕਰਵਾਈ ਹੈ ਅਤੇ 3 ਸੀਟਾਂ 'ਤੇ ਜਿੱਤ ਹਾਸਲ ਕੀਤੀ ਹੈ।

ਤਾਮਿਲਨਾਡੂ ਵਿੱਚ ਨਵੀਂ ਪਾਰਟੀ ਟੀ.ਵੀ.ਕੇ. ਨੇ ਸਭ ਨੂੰ ਹੈਰਾਨ ਕਰਦਿਆਂ ਵੱਡੇ ਉਲਟਫੇਰ ਨਾਲ ਸੂਬੇ ਦੀਆਂ 234 ਵਿਧਾਨ ਸਭਾ ਸੀਟਾਂ ਵਿੱਚੋਂ 107 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਹੈ। ਜਦ ਕਿ ਸੱਤਾਧਾਰੀ ਪਾਰਟੀ ਡੀ.ਐਮ.ਕੇ. ਨੂੰ 60 ਸੀਟਾਂ ਹੀ ਪ੍ਰਾਪਤ ਹੋਈਆਂ ਹਨ। ਦੂਜੇ ਪਾਸੇ ਏ.ਡੀ.ਐਮ.ਕੇ. ਨੂੰ 47, ਕਾਂਗਰਸ ਨੂੰ 5 ਅਤੇ ਪੀ.ਐਮ.ਕੇ. ਨੂੰ 4 ਸੀਟਾਂ ਹੀ ਨਸੀਬ ਹੋਈਆਂ ਹਨ।


ਹੁਣ ਗੰਗੋਤਰੀ ਤੋਂ ਗੰਗਾਸਾਗਰ

ਨਾਅਰੇ ਨਾਲ ਕੀਤੀ ਅਤੇ ਇਸ ਦਿਨ ਨੂੰ ਦੇਸ਼ ਦੀ ਸਿਆਸਤ ਲਈ 'ਇਤਿਹਾਸ



ਰੋਜ਼ਾਨਾ ਚੜ੍ਹਦੀਕਲਾ

ਸਿਹਤ ਖ਼ਬਰਨਾਮਾ



ਗਰਮੀਆਂ ਵਿੱਚ ਦਹੀਂ ਦਿੰਦੈ ਸਰੀਰ ਨੂੰ ਠੰਢਕ

ਦਹੀਂ ਵਿੱਚ ਪ੍ਰੋਬਾਇਓਟਿਕਸ, ਕੈਲਸ਼ੀਅਮ, ਪ੍ਰੋਟੀਨ ਅਤੇ ਕਈ ਜ਼ਰੂਰੀ ਪੌਸ਼ਟਿਕ ਤੱਤ ਹੁੰਦੇ ਹਨ। ਇਸ ਨੂੰ ਪੇਟ ਲਈ ਚੰਗਾ ਮੰਨਿਆ ਜਾਂਦਾ ਹੈ ਅਤੇ



ਪਾਚਨ ਕਿਰਿਆ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦਾ ਹੈ, ਪਰ ਹਰ ਸਰੀਰ ਦਾ ਸੁਭਾਅ ਵੱਖਰਾ ਹੁੰਦਾ ਹੈ। ਇਸੇ ਕਰਕੇ ਕੁਝ ਲੋਕਾਂ ਨੂੰ ਦਹੀਂ ਖਾਣ ਤੋਂ ਬਾਅਦ ਗੈਸ, ਭਾਰੀਪਨ ਜਾਂ ਚਮੜੀ ਦੀਆਂ ਸਮੱਸਿਆਵਾਂ ਦਾ ਅਨੁਭਵ ਹੁੰਦਾ ਹੈ। ਬਹੁਤ ਸਾਰੇ ਲੋਕ ਠੰਡੇ ਦਹੀਂ ਨੂੰ ਫਰਿੱਜ ਵਿੱਚੋਂ ਕੱਢਣ ਤੋਂ ਤੁਰੰਤ ਬਾਅਦ ਖਾ ਲੈਂਦੇ ਹਨ। ਇਸ ਨਾਲ ਪਾਚਨ ਪ੍ਰਣਾਲੀ ਪ੍ਰਭਾਵਿਤ ਹੋ ਸਕਦੀ ਹੈ। ਕੁਝ ਲੋਕ ਰਾਤ ਨੂੰ ਦਹੀਂ ਵੀ ਖਾਂਦੇ ਹਨ, ਜਿਸ ਨਾਲ ਕਈ ਵਾਰ ਬਲਗਮ, ਗਲੇ ਦੀ ਸਮੱਸਿਆ ਜਾਂ ਬਦਹਜ਼ਮੀ ਹੋ ਸਕਦੀ ਹੈ।

ਲੱਸੀ ਬਣਾ ਕੇ ਪੀਓ ; ਦਹੀਂ ਦੇ ਨਾਲ ਪਾਣੀ ਮਿਲਾਓ, ਚੰਗੀ ਤਰ੍ਹਾਂ ਫੈਂਟੋ, ਅਤੇ ਥੋੜ੍ਹਾ ਜਿਹਾ ਨਮਕ ਅਤੇ ਭੁੰਨਿਆ ਹੋਇਆ ਜੀਰਾ ਪਾਓ। ਇਸ ਨਾਲ ਇਹ ਹਲਕਾ ਅਤੇ ਪਚਣ ਵਿੱਚ ਆਸਾਨ ਹੋ ਜਾਂਦਾ ਹੈ। ਦੁਪਹਿਰ ਦੇ ਖਾਣੇ ਦੇ ਨਾਲ ਲੱਸੀ ਲੈਣਾ ਸਭ ਤੋਂ ਵਧੀਆ ਹੈ।

ਮਿੱਠੀ ਲੱਸੀ ਪੀਓ ; ਜੇਕਰ ਤੁਹਾਨੂੰ ਮਿੱਠੀ ਲੱਸੀ ਪਸੰਦ ਹੈ, ਤਾਂ ਇਸ ਨੂੰ ਘੱਟ ਖੰਡ ਨਾਲ ਖਾਓ। ਬਹੁਤ ਜ਼ਿਆਦਾ ਮਿੱਠੀ ਲੱਸੀ ਭਾਰ ਵਧਣ ਅਤੇ ਸੁਸਤੀ ਦਾ ਕਾਰਨ ਬਣ ਸਕਦੀ ਹੈ।

ਜ਼ਿਆਦਾ ਠੰਢਾ ਨਾ ਖਾਓ ; ਕਮਰੇ ਦੇ ਤਾਪਮਾਨ @ਚ ਰੱਖੋ-ਦਹੀਂ ਨੂੰ ਫਰਿੱਜ ਵਿੱਚੋਂ ਕੱਢਣ ਤੋਂ ਤੁਰੰਤ ਬਾਅਦ ਖਾਣ ਦੀ ਬਜਾਏ, ਇਸ ਨੂੰ ਥੋੜ੍ਹੀ ਦੇਰ ਲਈ ਬਾਹਰ ਰੱਖੋ। ਬਹੁਤ ਠੰਡਾ ਭੋਜਨ ਪੇਟ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਰਾਤ ਨੂੰ ਦਹੀਂ ਖਾਣ ਤੋਂ ਪਰਹੇਜ਼: ਦੁਪਹਿਰ ਨੂੰ ਦਹੀਂ ਖਾਣ ਦਾ ਸਭ ਤੋਂ ਵਧੀਆ ਸਮਾਂ ਮੰਨਿਆ ਜਾਂਦਾ ਹੈ। ਇਸ ਸਮੇਂ ਦੌਰਾਨ ਪਾਚਨ ਕਿਰਿਆ ਸਭ ਤੋਂ ਵਧੀਆ ਹੁੰਦੀ ਹੈ। ਇਸਨੂੰ ਸਵੇਰੇ ਸੀਮਤ ਮਾਤਰਾ ਵਿੱਚ ਵੀ ਖਾਧਾ ਜਾ ਸਕਦਾ ਹੈ, ਪਰ ਰਾਤ ਨੂੰ ਦਹੀਂ ਖਾਣ ਤੋਂ ਪਰਹੇਜ਼ ਕਰਨਾ ਸਭ ਤੋਂ ਵਧੀਆ ਹੈ, ਖਾਸ ਕਰਕੇ ਉਨ੍ਹਾਂ ਲਈ ਜੋ ਜ਼ੁਕਾਮ, ਖੰਘ ਦੀਆਂ ਸਮੱਸਿਆਵਾਂ ਤੋਂ ਪੀੜਤ ਹਨ।

ਖਾਲਸਾ ਪੰਥ ਦੇ ਸਾਜਨਾ ਦਿਵਸ ਨੂੰ ਸਮਰਪਿਤ 10 ਨੂੰ ਸਜਾਇਆ ਜਾਵੇਗਾ ਨਗਰ ਕੀਰਤਨ

ਰੋਮ, 4 ਮਈ (ਗੁਰਸ਼ਰਨ ਸਿੰਘ ਸੋਨੀ) : ਖਾਲਸਾ ਪੰਥ ਜਿਸ ਦੀ ਸਾਜਨਾ ਸਰਬੰਸਦਾਨੀ,ਸਾਹਿਬੇ ਕਮਾਲ ਦਸਮੇਸ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸੰਨ 1699 ਈ:ਦੀ ਵਿਸ਼ਾਖੀ ਵਾਲੇ ਦਿਨ ਕਰਕੇ ਮਹਾਨ ਸਿੱਖ ਧਰਮ ਨੂੰ ਨਵਾਂ ਰੰਗ ਰੂਪ ਦਿੰਦਿਆਂ ਸਿੰਘਾਂ ਨੂੰ ਸੂਰਬੀਰ ਤੇ ਬਹਾਦਰਾਂ ਦਾ ਥਾਪੜਾ ਦਿੱਤਾ ਜਿਹਨਾਂ ਦੁਨੀਆਂ ਭਰ ਵਿੱਚ ਖਾਲਸੇ ਦੀ ਚੜ੍ਹਦੀ ਕਲਾ ਲਈ ਕੇਸਰੀ ਝੰਡਾ ਝੁਲਾਇਆ।ਖਾਲਸਾ ਪੰਥ ਦਾ ਸਾਜਨਾ ਦਿਵਸ ਪੂਰੀ ਦੁਨੀਆਂ ਵਿੱਚ ਰਹਿਣ ਬਸੇਰਾ ਕਰਦੀ ਸਿੱਖ ਸੰਗਤ ਵੱਲੋਂ ਇਸ ਸਾਲ ਬਹੁਤ ਹੀ ਜੋਸੋ ਖਰੋਸ ਨਾਲ ਮਨਾਇਆ ਜਾ ਰਿਹਾ ਹੈ ਤੇ ਇਟਲੀ ਵਿੱਚ ਵੀ ਖ਼ਾਲਸੇ ਦੇ ਸਾਜਨਾ ਦਿਵਸ ਨੂੰ ਲੈਕੇ ਸਿੱਖ ਸੰਗਤ ਦਾ ਉਤਸ਼ਾਹ ਕਾਬਲੇ ਤਾਰੀਫ ਹੈ ।ਪੂਰੀ ਇਟਲੀ ਵਿੱਚ ਸਜ ਰਹੇ ਨਗਰ ਕੀਰਤਨ ਵੱਖਰਾ ਨਜ਼ਾਰਾ ਪੇਸ਼ ਕਰ ਰਹੇ ਹਨ ਤੇ ਇਸ ਭਾਗਾਂ ਵਾਲੇ ਕਾਰਜ ਵਿੱਚ ਲਾਸੀਓ ਸੂਬੇ ਦੇ ਪ੍ਰਸਿੱਧ ਗੁਰਦੁਆਰਾ ਸਾਹਿਬ ਸਿੰਘ ਸਭਾ ਨਵੀਂ ਇਮਾਰਤ ਮਿਲੀਆਰਾ ਰੋਡ ਨੰਬਰ 47 ਪੁਨਤੀਨੀਆ (ਲਾਤੀਨਾ)ਵਿਖੇ 10 ਮਈ 2026 ਦਿਨ ਐਤਵਾਰ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ ਜਿਸ ਵਿੱਚ ਪੰਥ ਦੇ ਪ੍ਰਸਿੱਧ ਰਾਗੀ,ਢਾਡੀ ਤੇ ਕੀਰਤਨੀ ਜੱਥੇ ਖਾਲਸਾ ਪੰਥ ਦਾ ਕੁਰਬਾਨੀਆਂ ਨਾਲ ਭਰਿਆ ਗੌਰਵਮਈ ਇਤਿਹਾਸ ਨੂੰ ਸੰਗਤ ਸਰਵਣ ਕਰਵਾਉਣਗੇ। ਗੁਰੂ ਦੀਆਂ ਲਾਡਲੀਆਂ ਫ਼ੌਜਾਂ ਗਤਕੇ ਦੇ ਸਿੰਘਾਂ ਵੱਲੋਂ ਗੱਤਕਾ ਕਲਾ ਦੇ ਹੈਰਤਅੰਗੇਜ ਕਾਰਨਾਮੇ ਦਿਖਾਏ ਜਾਣਗੇ। ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਸਮੂੱਚੀਆਂ ਸੰਗਤਾਂ ਨੂੰ ਇਸ ਮਹਾਨ ਨਗਰ ਕੀਰਤਨ ਵਿੱਚ ਪਹੁੰਚਣ ਲਈ ਪੁਰਜੋਰ ਅਪੀਲ ਕੀਤੀ ਗਈ ਹੈ ।



ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਪ੍ਰਸ਼ਨੋਤਰੀ ਗੁਰਮਤਿ ਪ੍ਰੀਖਿਆ ਵਿੱਚ ਜਿੱਤੇ ਇਨਾਮ



ਪਟਿਆਲਾ, 4 ਮਈ (ਚ.ਨ.ਸ.) : ਸਿੱਖ ਮਿਸ਼ਨਰੀ ਕਾਲਜ ਰਜਿ: ਲੁਧਿਆਣਾ ਵੱਲੋਂ ਅਕਤੂਬਰ 2025 ਦੌਰਾਨ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਦੀ ਲਈ ਗਈ ਗੁਰਮਤਿ ਪ੍ਰੀਖਿਆ ਵਿੱਚ ਮੈਰਿਟ ਵਿੱਚ ਆਏ ਵਿਦਿਆਰਥੀਆਂ ਅਤੇ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ।ਜਿਸ ਦੌਰਾਨ ਮਿਤੀ 4 ਮਈ 2026 ਨੂੰ ਜੇ ਤੂ ਬੱਚਿਆਂ ਨੂੰ ਇਨਾਮ ਦਿੱਤੇ ਗਏ ਇਸ ਵਿੱਚ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਤੀਜੀ ਜਮਾਤ ਦੇ ਵਿਦਿਆਰਥੀਆਂ ਜਿਨ੍ਹਾਂ ਵਿੱਚ ਉਪਕੀਰਤ ਕੌਰ, ਗੁਰਫਤਿਹ ਸਿੰਘ,ਸਾਹਿਬ ਸਿੰਘ ਅਤੇ ਕਰਤਾਰ ਸਿੰਘ ਨੇ ਮੈਰਿਟ ਪੁਜੀਸ਼ਨਾਂ ਹਾਸਲ ਕੀਤੀਆਂ ਅਤੇ ਇਸੇ ਤਰ੍ਹਾਂ ਚੌਥੀ ਜਮਾਤ ਦੀ ਪ੍ਰਭਲੀਨ ਕੌਰ ਨੇ ਪਹਿਲਾਂ ਸਥਾਨ ਪ੍ਰਾਪਤ ਕੀਤਾ ਅਤੇ ਸਕੂਲ ਦਾ ਨਾਂ ਰੋਸ਼ਨ ਕੀਤਾ ।

ਸੰਸਥਾ ਵੱਲੋਂ ਇਨ੍ਹਾਂ ਵਿਦਿਆਰਥੀਆਂ ਨੂੰ ਬਹੁਤ ਹੀ ਆਕਰਸ਼ਕ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਤੋਂ ਇਲਾਵਾ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਸਾਰੇ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਲਈ ਉਨ੍ਹਾਂ ਨੂੰ ਸਰਟੀਫਿਕੇਟ ਦਿੱਤੇ ਗਏ। ਸਕੂਲ ਦੇ ਡਾਇਰੈਕਟਰ ਸ੍ਰੀਮਤੀ ਜਸਵਿੰਦਰ ਕੌਰ ਜੀ ਦਰਦੀ ਅਤੇ ਪ੍ਰਿੰਸੀਪਲ ਡਾ: ਕੰਵਲਜੀਤ ਕੌਰ ਜੀ ਵੱਲੋਂ ਇਨ੍ਹਾਂ ਸਾਰੇ ਬੱਚਿਆਂ ਨੂੰ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਗਈ ਅਤੇ ਹਮੇਸ਼ਾ ਗੁਰਬਾਣੀ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਅਤੇ ਇਸੇ ਤਰ੍ਹਾਂ ਗੁਰਮਤਿ ਪ੍ਰੀਖਿਆਵਾਂ ਵਿੱਚ ਭਾਗ ਲੈਂਦੇ ਰਹਿਣ ਅਤੇ ਕਾਮਯਾਬ ਹੋਣ ਦਾ ਆਸ਼ੀਰਵਾਦ ਦਿੱਤਾ ਗਿਆ।

ਜਨਮ ਦਿਨ 'ਤੇ ਵਿਸ਼ੇਸ਼

ਰਾਸ਼ਟਰ ਸੇਵਾ ਨੂੰ ਸਮਰਪਿਤ–ਸ਼੍ਰੀ ਮਨੋਹਰ ਲਾਲ




ਡਾ. ਪ੍ਰਭਲੀਨ ਸਿੰਘ

ਸ਼੍ਰੀ ਮਨੋਹਰ ਲਾਲ ਜੀ ਦੇ ਜਨਮਦਿਨ ਦੇ ਮੌਕੇ 'ਤੇ ਮੈਂ ਉਨ੍ਹਾਂ ਦੇ ਦ੍ਰਿੜ ਨਿਸ਼ਚੇ ਅਤੇ ਅਟੁੱਟ ਨੇਤ੍ਰਿਤਵ ਦੇ ਸਫਰ ਬਾਰੇ ਵਿਚਾਰ ਕਰਨਾ ਚਾਹੁੰਦਾ ਹਾਂ। ਸ਼੍ਰੀ ਮਨੋਹਰ ਲਾਲ ਆਪਣੇ ਰਾਸ਼ਟਰ ਪਹਿਲਾਂ - ਰਾਸ਼ਟਰ ਸਭ ਤੋਂ ਉੱਪਰ ਦੇ ਸੰਕਲਪ ਕਰਕੇ ਸਾਰੇ ਦੇਸ਼ਵਾਸੀਆਂ ਲਈ ਆਦਰਯੋਗ ਅਤੇ ਪ੍ਰੇਰਣਾਦਾਇਕ ਸ਼ਖਸੀਅਤ ਹਨ। ਲੰਬੇ ਸਮੇਂ ਤੋਂ ਉਹ ਆਪਣਾ ਜਨਮਦਿਨ ਵੱਡੇ ਸਮਾਗਮਾਂ ਦੀ ਬਜਾਏ ਆਧਿਆਤਮਿਕ ਅਤੇ ਸਮਾਜਿਕ ਗਤੀਵਿਧੀਆਂ ਨਾਲ ਮਨਾਉਂਦੇ ਆ ਰਹੇ ਹਨ। ਉਨ੍ਹਾਂ ਨੇ ਆਪਣੇ ਸਮਾਜਿਕ ਅਤੇ ਰਾਜਨੀਤਿਕ ਜੀਵਨ ਨਾਲ ਅਣਗਿਣਤ ਲੋਕਾਂ ਨੂੰ ਪ੍ਰੇਰਿਤ ਕੀਤਾ ਹੈ। ਖਾਸ ਕਰਕੇ ਨੌਜਵਾਨਾਂ ਨੂੰ, ਉਨ੍ਹਾਂ ਨੇ ਨਿੱਜੀ ਇਛਾਵਾਂ ਤੋਂ ਉੱਪਰ ਉੱਠ ਕੇ ਦੇਸ਼ ਦੇ ਹਿੱਤ ਵਿੱਚ ਆਪਣੇ ਆਪ ਨੂੰ ਸਮਰਪਿਤ ਕਰਨ ਦੀ ਸਿੱਖ ਦਿੱਤੀ ਹੈ। ਉਹ ਅਨੁਸ਼ਾਸਨ, ਸੇਵਾ ਅਤੇ ਰਾਸ਼ਟਰ ਪ੍ਰਤੀ ਅਟੁੱਟ ਵਚਨਬੱਧਤਾ ਦਾ ਜੀਵੰਤ ਉਦਾਹਰਨ ਹਨ।

ਹਰਿਆਣਾ ਦੇ ਇੱਕ ਸਧਾਰਣ ਕਿਸਾਨ ਪਰਿਵਾਰ ਤੋਂ ਆਪਣੇ ਜੀਵਨ ਦੀ ਸ਼ੁਰੂਆਤ ਕਰਨ ਵਾਲੇ ਸ਼੍ਰੀ ਮਨੋਹਰ ਲਾਲ ਦਾ ਜੀਵਨ ਸਾਦਗੀ ਅਤੇ ਮੇਹਨਤ 'ਤੇ ਆਧਾਰਿਤ ਰਿਹਾ ਹੈ। ਜ਼ਮੀਨੀ ਹਕੀਕਤਾਂ ਨਾਲ ਉਨ੍ਹਾਂ ਦਾ ਸ਼ੁਰੂਆਤੀ ਜਾਣ-ਪਛਾਣ ਹੀ ਉਨ੍ਹਾਂ ਨੂੰ ਆਮ ਆਦਮੀ ਦੇ ਸੰਘਰਸ਼ਾਂ ਅਤੇ ਆਕਾਂਸ਼ਾਵਾਂ ਦੀ ਡੂੰਘੀ ਸਮਝ ਦਿੰਦੀ ਹੈ। ਉਨ੍ਹਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਨੇ ਸਫਲਤਾ ਦੇ ਸ਼ਿਖਰ ਤੱਕ ਪਹੁੰਚਣ ਲਈ ਪ੍ਰਸਿੱਧੀ ਦੀ ਲਾਲਸਾ ਦੇ ਬਜਾਏ ਸਾਦਗੀ ਅਤੇ ਸਰਲਤਾ ਦਾ ਰਾਹ ਚੁਣਿਆ ਹੈ।

ਰਾਸ਼ਟਰੀ ਸਵਯੰਸੇਵਕ ਸੰਗ ਨਾਲ ਜੁੜਾਅ ਨੇ ਸ਼੍ਰੀ ਮਨੋਹਰ ਲਾਲ ਜੀ ਦੇ ਚਰਿੱਤਰ ਦੀ ਨੀਂਹ ਰੱਖੀ। ਪ੍ਰਚਾਰਕ ਦੇ ਅਨੁਸ਼ਾਸਿਤ ਅਤੇ ਨਿਸ਼ਕਾਮ ਜੀਵਨ ਨੂੰ ਚੁਣ ਕੇ ਉਨ੍ਹਾਂ ਨੇ ਸੇਵਾ ਅਤੇ ਤਿਆਗ ਦੇ ਮੁੱਲਾਂ ਨੂੰ ਆਪਣੇ ਅੰਦਰ ਵਸਾਇਆ। ਸੇਵਾ ਦੇ ਉਦੇਸ਼ ਪ੍ਰਤੀ ਸਮਰਪਿਤ ਹੋ ਕੇ ਉਨ੍ਹਾਂ ਨੇ ਹਰਿਆਣਾ ਅਤੇ ਹੋਰ ਖੇਤਰਾਂ ਦੀ ਯਾਤਰਾ ਕੀਤੀ ਅਤੇ ਬਹੁਤ ਹੀ ਸਧਾਰਣ ਜੀਵਨ ਹਾਲਾਤਾਂ ਵਿੱਚ ਕਠਿਨ ਦਿਨਚਰਿਆ ਦਾ ਸਾਹਮਣਾ ਕੀਤਾ। ਇਨ੍ਹਾਂ ਸ਼ੁਰੂਆਤੀ ਸਾਲਾਂ ਨੇ ਉਨ੍ਹਾਂ ਦੇ ਜੀਵਨ ਭਰ ਦੇ ਵੈਰਾਗ ਅਤੇ ਇਕ ਵਿਆਪਕ ਉਦੇਸ਼ ਪ੍ਰਤੀ ਵਚਨਬੱਧਤਾ ਦੇ ਦਰਸ਼ਨ ਨੂੰ ਆਕਾਰ ਦਿੱਤਾ।

ਸਾਲ 1994 ਵਿੱਚ ਭਾਰਤੀ ਜਨਤਾ ਪਾਰਟੀ ਦੇ ਮਾਧਿਅਮ ਨਾਲ ਜਨਤਕ ਜੀਵਨ ਵਿੱਚ ਹੋਇਆ ਉਨ੍ਹਾਂ ਦਾ ਪ੍ਰਵੇਸ਼ ਇੱਕ ਨਵੇਂ ਅਧਿਆਇ ਦੀ ਸ਼ੁਰੂਆਤ ਸੀ। ਉਨ੍ਹਾਂ ਦੀ ਸੰਗਠਨਾਤਮਕ ਸਮਰੱਥਾ ਅਤੇ ਦੂਰਦਰਸ਼ਤਾ ਨੇ ਸ਼ਾਸਨ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ। ਲਗਾਤਾਰ ਦੋ ਕਾਰਜਕਾਲਾਂ ਤੱਕ ਹਰਿਆਣਾ ਦੇ ਮੁੱਖ



ਮੰਤਰੀ ਵਜੋਂ ਉਨ੍ਹਾਂ ਨੇ ਪ੍ਰਸ਼ਾਸਨਿਕ ਦੱਖਲਤਾ ਨੂੰ ਨਵੀਂ ਪਰਿਭਾਸ਼ਾ ਦਿੱਤੀ। ਮੈਂ ਵੇਖਿਆ ਹੈ ਕਿ ਰਾਜ ਨੂੰ ਉਨ੍ਹਾਂ ਦੀਆਂ ਜਨ-ਕਲਿਆਣਕਾਰੀ ਨੀਤੀਆਂ ਜਿਵੇਂ ਪਾਰਦਰਸ਼ੀ ਪ੍ਰਣਾਲੀ, ਆਨਲਾਈਨ ਤਬਾਦਲੇ, ਯੋਗਤਾ ਅਤੇ ਮੈਰਿਟ ਆਧਾਰਿਤ ਭਰਤੀ ਨਾਲ ਆਮ ਲੋਕਾਂ ਨੂੰ ਬਹੁਤ ਲਾਭ ਮਿਲਿਆ ਹੈ। ਉਨ੍ਹਾਂ ਦੇ ਕਾਰਜਕਾਲ ਦੀ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਉਨ੍ਹਾਂ ਨੇ ਜਨਤਾ ਦਾ ਸ਼ਾਸਨ ਵਿੱਚ ਵਿਸ਼ਵਾਸ ਮੁੜ ਬਹਾਲ ਕੀਤਾ। ਉਨ੍ਹਾਂ ਨੇ ਇਹ ਯਕੀਨੀ ਬਣਾਇਆ ਕਿ ਹਰ ਸਰਕਾਰੀ ਯੋਜਨਾ ਦਾ ਲਾਭ ਹਰ ਲੋੜਵੰਦ ਵਿਅਕਤੀ ਤੱਕ ਪਹੁੰਚੇ। ਸ਼੍ਰੀ ਮਨੋਹਰ ਲਾਲ ਦੀਆਂ 10 ਸਾਲਾਂ ਦੀਆਂ ਪਾਰਦਰਸ਼ੀ ਜਨ-ਕਲਿਆਣਕਾਰੀ ਸਕੀਮਾਂ ਦੇ ਕਾਰਨ ਹਰਿਆਣਾ ਵਿੱਚ ਤੀਜੀ ਵਾਰ ਭਾਜਪਾ ਦੀ ਸਰਕਾਰ ਬਣੀ।

ਕੇਂਦਰੀ ਆਵਾਸ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ ਵਜੋਂ ਸ਼ਹਿਰੀ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਲਈ ਉਨ੍ਹਾਂ ਦੇ ਯਤਨ ਵੀ ਕਾਬਿਲ-ਏ-ਤਾਰੀਫ਼ ਹਨ। ਚਾਹੇ ਸ਼ਹਿਰੀ ਬਾਢ ਨਾਲ ਨਿਪਟਣਾ ਹੋਵੇ, ਮੈਟਰੋ ਪ੍ਰੋਜੈਕਟਾਂ ਅਤੇ ਸਮਾਰਟ ਸ਼ਹਿਰਾਂ ਨੂੰ ਗਤੀ ਦੇਣੀ ਹੋਵੇ ਜਾਂ ਲੱਖਾਂ ਲੋਕਾਂ ਨੂੰ ਘਰ ਪ੍ਰਦਾਨ ਕਰਨ ਲਈ ਪ੍ਰਧਾਨ ਮੰਤਰੀ ਆਵਾਸ ਯੋਜਨਾ-ਸ਼ਹਿਰੀ ਨੂੰ ਅੱਗੇ ਵਧਾਉਣਾ ਹੋਵੇ । ਇਨ੍ਹਾਂ ਸਭ ਖੇਤਰਾਂ ਵਿੱਚ ਸ਼੍ਰੀ ਮਨੋਹਰ ਲਾਲ ਜੀ ਵੱਲੋਂ ਪੂਰੀ ਨਿਸ਼ਠਾ ਨਾਲ ਅਭੂਤਪੂਰਵ ਕੰਮ ਕੀਤਾ ਜਾ ਰਿਹਾ ਹੈ। ਸਵੱਛ ਭਾਰਤ ਮਿਸ਼ਨ ਵਿੱਚ ਉਨ੍ਹਾਂ ਦੇ ਨੇਤ੍ਰਿਤਵ ਨੇ ਪਹਿਲਾਂ ਹੀ ਸੈਂਕੜੇ ਕਚਰੇ ਦੇ ਥਾਵਾਂ ਨੂੰ ਉਪਯੋਗੀ ਜ਼ਮੀਨ ਵਿੱਚ ਤਬਦੀਲ ਕਰ ਦਿੱਤਾ ਹੈ। ਇਹ ਚੁਣੌਤੀਆਂ ਨੂੰ ਮੌਕਿਆਂ ਵਿੱਚ ਬਦਲਣ ਦੇ ਉਨ੍ਹਾਂ ਦੇ ਵਿਸ਼ਵਾਸ ਨੂੰ ਦਰਸਾਉਂਦਾ ਹੈ।

ਕੇਂਦਰੀ ਊਰਜਾ ਮੰਤਰੀ ਵਜੋਂ ਸ਼੍ਰੀ ਮਨੋਹਰ ਲਾਲ ਜਟਿਲ ਅਤੇ ਚੁਣੌਤੀਪੂਰਨ ਵਿਸ਼ਵ ਭੂ-ਰਾਜਨੀਤਿਕ ਸਥਿਤੀ ਦੇ ਦਰਮਿਆਨ ਭਾਰਤ ਦੀ ਊਰਜਾ ਸੁਰੱਖਿਆ ਦੇ ਪ੍ਰਬੰਧਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੇ ਹਨ। ਉਨ੍ਹਾਂ ਦਾ ਮੁੱਖ ਉਦੇਸ਼ ਆਤਮਨਿਰਭਰ ਅਤੇ ਟਿਕਾਊ ਊਰਜਾ ਖੇਤਰ ਦਾ ਨਿਰਮਾਣ ਕਰਨਾ ਅਤੇ ਸੰਵੇਦਨਸ਼ੀਲ ਸੀਮਾਵਰਤੀ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਦੀਆਂ ਪ੍ਰੋਜੈਕਟਾਂ ਦਾ ਸੁਚਾਰੂ ਪ੍ਰਬੰਧਨ ਕਰਨਾ ਹੈ। ਸ਼੍ਰੀ ਮਨੋਹਰ ਲਾਲ ਜੀ ਮੋਦੀ 3.0 ਮੰਤਰੀ ਮੰਡਲ ਦੇ ਇੱਕ ਮਹੱਤਵਪੂਰਨ ਮੈਂਬਰ ਹਨ ਅਤੇ ਭਾਰਤ ਦੇ ਤੇਜ਼ੀ ਨਾਲ ਹੋ ਰਹੇ ਬੁਨਿਆਦੀ ਢਾਂਚੇ ਦੇ ਵਿਸਥਾਰ, ਊਰਜਾ ਬਦਲਾਅ ਅਤੇ ਸ਼ਹਿਰੀ ਵਿਕਾਸ ਪਹਿਲਕਦਮੀਆਂ ਦੇ ਪ੍ਰਬੰਧਨ ਵਿੱਚ ਕੇਂਦਰੀ ਭੂਮਿਕਾ ਅਦਾ ਕਰ ਰਹੇ ਹਨ।

ਸ਼੍ਰੀ ਮਨੋਹਰ ਲਾਲ ਜੀ ਸਮਰਪਣ ਦੀ ਜੀਵੰਤ ਮਿਸਾਲ ਹਨ। ਲਗਭਗ 10 ਸਾਲਾਂ ਦੇ ਮੁੱਖ ਮੰਤਰੀ ਕਾਰਜਕਾਲ ਦੌਰਾਨ ਮਿਲੀ ਤਨਖਾਹ ਨੂੰ ਉਨ੍ਹਾਂ ਨੇ ਅਹੁਦਾ ਛੱਡਣ ਦੇ ਤੁਰੰਤ ਬਾਅਦ ਪ੍ਰਧਾਨ ਮੰਤਰੀ ਰਾਹਤ ਫੰਡ ਵਿੱਚ ਜਮ੍ਹਾ ਕਰਵਾ ਦਿੱਤੀ। ਅੱਜ ਦੇ ਯੁੱਗ ਵਿੱਚ ਇਸ ਤਰ੍ਹਾਂ ਦੇ ਸਮਰਪਣ ਵਾਲੇ ਇਨਸਾਨ ਬਹੁਤ ਘੱਟ ਮਿਲਦੇ ਹਨ।

ਸ਼੍ਰੀ ਮਨੋਹਰ ਲਾਲ ਜੀ ਨੂੰ ਜੋ ਗੱਲ ਸਭ ਤੋਂ ਵੱਖਰਾ ਬਣਾਉਂਦੀ ਹੈ, ਉਹ ਹੈ ਉਨ੍ਹਾਂ ਦਾ ਸੰਦੇਸ਼, ਦੁਨੀਆ ਲਈ ਆਪਣੇ ਆਪ ਨੂੰ ਜ਼ਰੂਰੀ ਬਣਾਓ, ਦੁਨੀਆ ਤੁਹਾਡਾ ਖ਼ਿਆਲ ਰੱਖੇਗੀ। ਇਹ ਇਸ ਗੱਲ ਦਾ ਸ਼ਕਤੀਸ਼ਾਲੀ ਸੰਦੇਸ਼ ਹੈ ਕਿ ਨਿਸ਼ਕਾਮ ਯੋਗਦਾਨ ਹੀ ਸਫਲਤਾ ਦਾ ਸਭ ਤੋਂ ਉੱਚਾ ਰੂਪ ਹੈ। ਉਨ੍ਹਾਂ ਦੇ ਜਨਮਦਿਨ ਦੇ ਮੌਕੇ 'ਤੇ ਅਸੀਂ ਉਨ੍ਹਾਂ ਨੂੰ ਸਿਰਫ਼ ਇੱਕ ਨੇਤਾ ਹੀ ਨਹੀਂ, ਸਗੋਂ ਇੱਕ ਸੱਚਨਿਸ਼ਠ ਅਤੇ ਸਿਧਾਂਤਵਾਨ ਵਿਅਕਤੀ ਵਜੋਂ ਯਾਦ ਕਰਦੇ ਹਾਂ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਉਨ੍ਹਾਂ ਨੂੰ ਚੰਗੀ ਸਿਹਤ ਅਤੇ ਲੰਬੀ ਉਮਰ ਬਖ਼ਸ਼ੇ, ਤਾਂ ਜੋ ਉ

ਪੰਜਾਬ ਭਰ ’ਚੋਂ ਤੀਜੇ ਨੰਬਰ ਤੇ ਰਹੀ ਵਾਲੀਬਾਲ ਟੀਮ ਨੂੰ ਜਥੇਦਾਰ ਦਾਦੂਵਾਲ ਨੇ ਕੀਤਾ ਸਨਮਾਨਿਤ



ਤਲਵੰਡੀ ਸਾਬੋ, 4 ਮਈ(ਰਾਮ ਜਿੰਦਲ ਜੱਗਾ) : ਪੰਜਾਬ ਭਰ ਦੇ ਵਾਲੀਵਾਲ ਖੇਡ ਮੁਕਾਬਲਿਆਂ ਚੋਂ ਤੀਜੇ ਨੰਬਰ ਤੇ ਰਹੀ ਟੀਮ ਨੂੰ ਅੱਜ ਪਿੰਡ ਜੋਗੇਵਾਲਾ ਜ਼ਿਲਾ ਬਠਿੰਡਾ ਵਿਖੇ ਵਿਸ਼ੇਸ਼ ਸਨਮਾਨ ਸਮਾਗਮ ਵਿੱਚ ਪੰਥ ਪ੍ਰਸਿੱਧ ਸਿੱਖ ਪ੍ਰਚਾਰਕ ਅੰਬੈਸਡਰ ਫਾਰ ਪੀਸ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਵੱਲੋਂ ਸਰਟੀਫਿਕੇਟ ਸਿਰਪਾਓ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ਜਥੇਦਾਰ ਦਾਦੂਵਾਲ ਜੀ ਦੇ ਸਹਾਇਕ ਭਾਈ ਜਗਮੀਤ ਸਿੰਘ ਬਰਾੜ ਨੇ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕੇ ਬਠਿੰਡਾ ਦੇ ਪਿੰਡ ਗਾਟਵਾਲੀ ਦੇ ਸਰਕਾਰੀ ਸਕੂਲ ਵਿੱਚ ਅਧਿਆਪਕ ਬਲਜਿੰਦਰ ਸਿੰਘ ਵਾਲੀਵਾਲ ਕੋਚ ਵੱਲੋਂ ਬੱਚਿਆਂ ਨੂੰ ਚੰਗੇ ਤਰੀਕੇ ਨਾਲ ਤਰਾਸ਼ ਕੇ ਖੇਡ ਲਈ ਤਿਆਰ ਕੀਤਾ ਸੀ ਤੇ ਇਨਾਂ 6 ਬੱਚਿਆਂ ਨੇ ਅੱਛੀ ਖੇਡ ਦਾ ਪ੍ਰਦਰਸ਼ਨ ਕਰਦਿਆਂ ਪੂਰੇ ਪੰਜਾਬ ਦੇ ਖੇਡ ਮੁਕਾਬਲਿਆਂ ਵਿੱਚੋਂ ਤੀਜੀ ਪੁਜੀਸ਼ਨ ਨੂੰ ਪ੍ਰਾਪਤ ਕੀਤਾ ਕੋਚ ਬਲਜਿੰਦਰ ਸਿੰਘ ਨੇ ਜਾਣਕਾਰੀ ਦਿੱਤੀ ਸੀ ਕੇ ਪੰਜਾਬ ਦੇ 23 ਜਿਲਿਆਂ ਅਤੇ 4 ਅਕੈਡਮੀਆਂ ਦੀਆਂ ਕੁੱਲ 27 ਟੀਮਾਂ ਵੱਲੋਂ ਭਾਗ ਲਿਆ ਗਿਆ ਸੀ ਜਿਨਾਂ ਵਿੱਚੋਂ ਇਸ ਟੀਮ ਨੇ ਤੀਜੀ ਪੁਜੀਸ਼ਨ ਨੂੰ ਪ੍ਰਾਪਤ ਕੀਤਾ ਹੈ। ਜਥੇਦਾਰ ਦਾਦੂਵਾਲ ਜੀ ਵੱਲੋਂ ਇਨ੍ਹਾਂ ਬੱਚਿਆਂ ਦਾ ਹੌਸਲਾ ਵਧਾਉਣ ਵਾਸਤੇ 6 ਵਾਲੀਬਾਲ ਖੇਡ ਬਾਲਾਂ ਅਤੇ 12 ਖੇਡ ਕਿੱਟਾਂ ਆਪਣੇ ਸੁੱਖ ਸੇਵਾ ਸਿਮਰਨ ਟਰਸਟ ਰਜਿਸਟਰਡ ਵੱਲੋਂ ਦੇਣ ਦਾ ਐਲਾਨ ਕੀਤਾ ਨਗਰ ਪੰਚਾਇਤ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਲਾਕੇ ਦੀਆਂ ਸੰਗਤਾਂ ਨੇ ਜਥੇਦਾਰ ਦਾਦੂਵਾਲ ਜੀ ਨੂੰ ਸਿਰਪਾਓ ਸਨਮਾਨ ਚਿੰਨ ਭੇਂਟ ਕਰਕੇ ਵਿਸ਼ੇਸ਼ ਸਨਮਾਨ ਅਤੇ ਧੰਨਵਾਦ ਕੀਤਾ ਇਸ ਸਮੇਂ ਨਗਰ ਜੋਗੇਵਾਲਾ ਗੁਰੂਘਰ ਦੇ ਗ੍ਰੰਥੀ ਗਿਆਨੀ ਕੁਲਦੀਪ ਸਿੰਘ,ਪ੍ਰਧਾਨ ਬਲਜੀਤ ਸਿੰਘ,ਜਗਦੇਵ ਸਿੰਘ ਬਲਾਕ ਸੰਮਤੀ ਮੈਂਬਰ,ਨਿਰਮਲ ਸਿੰਘ ਮੱਲੜੀ,ਬਾਬਾ ਅਰਜਨ ਸਿੰਘ ਲਹਿਰੀ,ਗੁਰਦੀਪ ਸਿੰਘ ਕਲੱਬ ਪ੍ਰਧਾਨ,ਦਲਜੀਤ ਸਿੰਘ ਨੰਬਰਦਾਰ,ਗੁਰਸੇਵਕ ਸਿੰਘ ਮੈਂਬਰ,ਅਮਰੀਕ ਸਿੰਘ ਮੈਂਬਰ,ਸਤਪਾਲ ਸਿੰਘ ਮੈਂਬਰ,ਸੁਰਿੰਦਰ ਸਿੰਘ ਮੈਂਬਰ,ਰਜਿੰਦਰ ਸਿੰਘ ਮੈਂਬਰ,ਅਮਰੀਕ ਸਿੰਘ ਸਾਬਕਾ ਮੈਂਬਰ,ਕਰਤਾਰ ਸਿੰਘ ਸਾਬਕਾ ਸਰਪੰਚ,ਜਗਮੇਲ ਸਿੰਘ ਸਾਬਕਾ,ਨਾਇਬ ਸਿੰਘ ਸਾਬਕਾ ਸਰਪੰਚ ਮੱਲੜੀ,ਅਧਿਆਪਕ ਬਲਜਿੰਦਰ ਸਿੰਘ ਵਾਲੀਵਾਲ ਕੋਚ ਅਤੇ ਉਨਾਂ ਦੀ ਧਰਮ ਸੁਪਤਨੀ ਅਧਿਆਪਕ ਸ਼ਮਿੰਦਰਜੀਤ ਕੌਰ ਵੀ ਹਾਜ਼ਰ ਸਨ।

ਅਕੇਡੀਆ ਵਰਲਡ ਸਕੂਲ ਵਿਖੇ ਕਰਵਾਇਆ ਇਨਾਮ ਵੰਡ ਸਮਾਗਮ



ਸੁਨਾਮ ਊਧਮ ਸਿੰਘ ਵਾਲਾ, 4 ਮਈ (ਮੋਹਣ ਸ਼ਰਮਾ ਰਾਊਵਰਿੰਦਰ ਮਠਾੜੂ) :ਅਕੇਡੀਆ ਵਰਲਡ ਸਕੂਲ, ਵਿੱਖੇ ਸਾਲਾਨਾ ਇਨਾਮ ਵੰਡ ਸਮਾਗਮ ਅਤੇ ਨਵ-ਨਿਯੁਕਤ ਵਿਦਿਆਰਥੀ ਕੌਂਸਲ ਮੈਂਬਰਾਂ ਲਈ ਇੱਕ ਵਿਸ਼ੇਸ਼ ਸਮਾਰੋਹ ਆਯੋਜਿਤ ਕੀਤਾ ਗਿਆ ਵਿਦਿਆਰਥੀਆਂ ਵਿੱਚ ਲੀਡਰਸ਼ਿਪ ਦੇ ਗੁਣ ਪੈਦਾ ਕਰਨ ਲਈ ਕੌਂਸਲ ਸਭਾ ਦਾ ਗਠਨ ਕੀਤਾ ਗਿਆ। ਅਕਾਦਮਿਕ ਸਾਲ 2026-27 ਲਈ ਵਿਸ਼ੇਸ਼ ਸਮਾਰੋਹ ਆਯੋਜਿਤ ਕੀਤਾ ਗਿਆ ਸੀ। ਇਸ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀਮਾਨ ਗਗਨਦੀਪ ਸਿੰਘ (ਸੁਨਾਮ) ਸਨ। ਸਮਾਗਮ ਦੀ ਸ਼ੁਰੂਆਤ ਸਰਸਵਤੀ ਵੰਦਨਾ ਨਾਲ ਹੋਈ ਅਤੇ ਇਸ ਤੋਂ ਬਾਅਦ ਮੁੱਖ ਮਹਿਮਾਨ ਦੁਆਰਾ ਦੀਪ ਜਗਾਉਣ ਦੀ ਰਸਮ ਕੀਤੀ ਗਈ। ਸੱਤਵੀਂ ਜਮਾਤ ਦੀਆਂ ਵਿਦਿਆਰਥਣਾਂ ਵੱਲੋਂ ਸਵਾਗਤੀ ਗੀਤ ਪੇਸ਼ ਕੀਤਾ ਗਿਆ। ਪ੍ਰਿੰਸੀਪਲ ਸ੍ਰੀਮਤੀ ਰਣਜੀਤ ਕੌਰ ਨੇ ਆਪਣੇ ਸੰਬੋਧਨ ਵਿੱਚ ਚੁਣੇ ਹੋਏ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਬਣਨ ਲਈ ਪ੍ਰੇਰਿਤ ਕੀਤਾ । ਸਮਾਗਮ ਦਾ ਸੰਚਾਲਨ ਗਿਆਰਵੀਂ ਜਮਾਤ ਦੀਆਂ ਵਿਦਿਆਰਥਣਾਂ ਮੰਨਤਜੋਤ ਕੌਰ ਅਤੇ ਜਸ਼ਨਦੀਪ ਕੌਰ ਦੁਆਰਾ ਕੀਤਾ ਗਿਆ। ਛੇਵੀਂ ਜਮਾਤ ਦੀਆਂ ਵਿਦਿਆਰਥਣਾਂ ਦੁਆਰਾ ਬਹੁਤ ਹੀ ਸ਼ਾਨਦਾਰ ਡਾਂਸ ਪੇਸ਼ ਕੀਤਾ ਗਿਆ। ਸਮਾਗਮ ਵਿੱਚ ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਕਿਵੇਂ ਆਪਣੀਆਂ ਚੁਣੌਤੀਆਂ ਨੂੰ ਪਾਰ ਕਰਨਾ ਹੈ ਅਤੇ ਕਦੇ ਵੀ ਹਾਰ ਨਹੀਂ ਮੰਨਣੀ ਚਾਹੀਦੀ। ਸਾਰੇ ਪਰੀਫੈਕਟਾਂ ਦੁਆਰਾ ਸ਼ਾਨਦਾਰ ਮਾਰਚ ਪਾਸਟ ਕੀਤਾ ਗਿਆ।ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨ ਗਗਨਦੀਪ ਸਿੰਘ ਜੀ ਨੇ ਵਿਦਿਆਰਥੀਆਂ ਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਭਾਗ ਲੈਣ ਦੇ ਮੌਕੇ ਪ੍ਰਦਾਨ ਕਰਨ ਲਈ ਸਕੂਲ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨਵ-ਨਿਯੁਕਤ ਸਕੂਲ ਪ੍ਰੀਫੈਕਟੋਰੀਅਲ ਬੋਰਡ ਨੂੰ ਜ਼ਿੰਮੇਵਾਰੀਆਂ ਸੰਭਾਲਣ ਦੀ ਤਿਆਰੀ ਲਈ ਵੀ ਵਧਾਈ ਦਿੱਤੀ। ਉਨ੍ਹਾਂ ਨੇ ਦਸਵੀਂ ਜਮਾਤ ਦੇ ਚੁਣੇ ਹੋਏ ਸਾਰੇ ਵਿਦਿਆਰਥੀਆਂ ਨੂੰ ਸ਼ੁੱਭ ਕਾਮਨਾਵਾਂ ਦਿੱਤੀਆਂ। ਚੁਣੇ ਗਏ ਹੈੱਡ ਬੁਆਏ(ਲਵਿਸ਼ ਸ਼ਰਮਾ) ਅਤੇ ਹੈੱਡ ਗਰਲ(ਮਹਿਰੀਤ ਕੌਰ) ਨੇ ਆਪਣੇ ਭਾਸ਼ਣ ਵਿੱਚ ਆਪਣੇ ਤਜ਼ਰਬੇ ਸਾਂਝੇ ਕੀਤੇ ਅਤੇ ਅਧਿਆਪਕਾਂ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਸਹੁੰ ਚੁੱਕ ਸਮਾਗਮ ਦੀ ਅਗਵਾਈ ਹੈੱਡ ਬੁਆਏ ਲਵਿਸ ਸ਼ਰਮਾ ਨੇ ਕੀਤੀ। ਇਸ ਸਮਾਗਮ ਵਿੱਚ ਛੇ ਹੋਰ ਵਿਦਿਆਰਥੀ ਵੀ ਅਲੱਗ-ਅਲੱਗ ਪੋਸਟਾਂ ਲਈ ਚੁਣੇ ਗਏ। ਮੁੰਡਿਆਂ ਵਿੱਚੋਂ ਸਪੋਰਟਸ ਕੈਪਟਨ (ਲਵਲੀਨ ਸਿੰਘ), ਕੁੜੀਆਂ ਵਿੱਚੋਂ ਸਪੋਰਟਸ ਕੈਪਟਨ (ਹਰਨੂਰ ਕੌਰ), ਗਲੈਡੀਏਟਰ ਹਾਊਸ ਪਰੀਫੈਕਟ(ਜਪਲੀਨ ਕੌਰ), ਰੇਡਰਜ਼ ਹਾਊਸ ਪਰੀਫੈਕਟ (ਇਸ਼ਮੀਤ ਕੌਰ), ਟਰੂਪਰਜ਼ ਹਾਊਸ ਪਰੀਫੈਕਟ (ਐਲਿਸ ਕੌਰ),ਵਾਰੀਅਰਜ਼ ਹਾਊਸ ਪਰੀਫੈਕਟ (ਮੀਹਾਂਸੀ)।ਮੁੱਖ ਮਹਿਮਾਨ ਵੱਲੋਂ ਦਸਵੀਂ ਜਮਾਤ ਦਾ ਨਤੀਜਾ 100 ਫੀਸਦੀ ਰਹਿਣ ਤੇ ਵਧਾਈ ਦਿੱਤੀ ਗਈ। ਦਸਵੀਂ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਨ ਵਾਲੇ ਵਿਦਿਆਰਥੀ ਮਹਿਤਾਬ ਸਿੰਘ(97%), ਦੂਜਾ ਸਥਾਨ ਕਵਿਸ਼ ਗੁਪਤਾ (96.8%)ਤੀਜਾ ਸਥਾਨ ਲਵਪ੍ਰੀਤ ਸਿੰਘ(96.4) ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਬਿਨਾਂ ਅਕਾਦਮੀਕ ਖੇਤਰ ਅਧੀਨ ਜਿਹੜੇ ਵਿਦਿਆਰਥੀਆਂ ਨੇ ਪੜ੍ਹਾਈ ਵਿੱਚ ਚੰਗੇ ਸਥਾਨ ਹਾਸਿਲ ਕੀਤੇ ਅਤੇ ਹੋਰ ਵੱਖ ਵੱਖ ਗਤੀਵਿਧੀਆਂ ਵਿੱਚ ਵੱਧ- ਚੜ ਕੇ ਹਿੱਸਾ ਲੈਣ ਵਾਲੇ ਵਿਦਿਆਰਥੀ ਜਿਵੇਂ:- ਬੈਸਟ ਡਾਂਸਰ ,ਬੈਸਟ ਸਿੰਗਰ, ਬੈਸਟ ਡਾਇਲੌਗ ਡਲੀਵਰੀ, ਐਕਸੀਲੈਂਸ ਇਨ ਵਿਜਅਲ ਆਰਟ, ਸਟਾਰ ਰੀਡਰ ਆਦਿ ਬੱਚਿਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਮੁੱਖ ਮਹਿਮਾਨ ਦੁਆਰਾ ਸਕੂਲ ਵੱਲੋਂ ਕੀਤੇ ਜਾ ਰਹੇ ਉਪਰਾਲੇ ਦੀ ਸ਼ਲਾਘਾ ਕੀਤੀ ਗਈ ।

ਸੀਂਗੋ ਮੰਡੀ ਨੇੜੇ ਬਲੈਰੋ ਗੱਡੀ ਵੱਜਣ ਕਾਰਨ ਇੱਕ ਦੀ ਮੌਤ ਦੋ ਫੱਟੜ

ਤਲਵੰਡੀ ਸਾਬੋ, 4ਮਈ,(ਰਾਮ ਜਿੰਦਲ ਜੱਗਾ) : ਤਲਵੰਡੀ ਸਾਬੋ ਦੇ ਨੇੜਲੇ ਦੇ ਪਿੰਡ ਸੀਂਗੋ ਮੰਡੀ ਵਿਖੇ ਸੜਕ ਦੇ ਇੱਕ ਪਾਸੇ ਖੜੇ ਤਿੰਨ ਵਿਅਕਤੀਆਂ ਵਿੱਚ ਬਲੈਰੋ ਗੱਡੀ ਵੱਜਣ ਕਾਰਨ ਇੱਕ ਦੀ ਹੋਈ ਮੌਤ ਦੋ ਦੇ ਫੱਟੜ ਹੋਣ ਦਾ ਸਮਾਂ ਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਕੀਤੀ ਜਾਣਕਾਰੀ ਅਨੁਸਾਰ ਗਜਿੰਦਰ ਸਿੰਘ ਪੁੱਤਰ ਜੰਟਾ ਸਿੰਘ ਵਾਸੀ ਪਿੰਡ ਬਹਿਮਣ ਕੌਰ ਸਿੰਘ ਨੇ ਥਾਣਾ ਤਲਵੰਡੀ ਸਾਬੋ ਵਿਖੇ ਆਪਣੇ ਬਿਆਨ ਦਰਜ ਕਰਵਾਏ ਹਨ ਕਿ ਮੇਰਾ ਪਿਤਾ ਜੰਟਾ ਸਿੰਘ ਤੇ ਡੋਗਰ ਸਿੰਘ ਪੁੱਤਰ ਗੁਰਮੇਲ ਸਿੰਘ ,ਸੁਖਦੇਵ ਸਿੰਘ ਪੁੱਤਰ ਰੋਣਕ ਸਿੰਘ ,ਵਾਸੀ ਸੀਂਗੋ ਸੜਕ ਦੇ ਇੱਕ ਪਾਸੇ ਖੜੇ ਸਨ ਤਾਂ ਗੁਲਾਬ ਸਿੰਘ ਪੁੱਤਰ ਜੰਟਾ ਸਿੰਘ ਬਾਸੀ ਸੀਂਗੋ ਨੇ ਆਪਣੀ ਬਲੈਰੋ ਗੱਡੀ ਕੈਂਪਰ ਨੰਬਰ ਪੀ ਬੀ 03ਏ ਪੀ 53 36 ਲਿਆ ਕੇ ਇਹਨਾਂ ਦੇ ਵਿੱਚ ਮਾਰੀ ਜਿਸ ਕਾਰਨ ਮੇਰੇ ਪਿਤਾ ਜੰਟਾ ਸਿੰਘ ਉਮਰ 55 ਸਾਲ ਦੀ ਮੌਕੇ ’ਤੇ ਮੌਤ ਹੋ ਗਈ ਅਤੇ ਡੋਗਰ ਸਿੰਘ ਪੁੱਤਰ ਗੁਰਮੇਲ ਸਿੰਘ , ਸੁਖਦੇਵ ਸਿੰਘ ਪੁੱਤਰ ਰੌਣਕ ਸਿੰਘ ਇਹਨਾਂ ਦੇ ਸੱਟਾਂ ਵੱਜੀਆਂ ਜਿਨਾਂ ਨੂੰ ਜੇਰੇ ਇਲਾਜ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਇਸ ਸਬੰਧੀ ਥਾਣੇਦਾਰ ਕੁਲਵਿੰਦਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਦੱਸਿਆ ਤੇ ਉਕਤ ਵਿਆਕਤੀ ਦੇ ਬਿਆਨਾਂ ਦੇ ਅਧਾਰ ਤੇ ਮੁਕਦਮਾ ਨੰਬਰ 103 ਤਹਿਤ ਧਾਰਾ 103 ,109, 125,(ਏ)324,(4,) ਬੀ ਐਨ ਐਸ ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ। ਦੋਸ਼ੀ ਦੀ ਭਾਲ ਜਾਰੀ ਹੈ

ਮਿੱਕੂ ਜਵੰਧਾ ਨੇ ਸੁਣੀਆਂ ਟੈਕਸੀ ਯੂਨੀਅਨ ਦੀਆਂ ਮੁਸ਼ਕਲਾਂ, ਹੱਲ ਦਾ ਦਿੱਤਾ ਭਰੋਸਾ



ਸੰਗਰੂਰ, 4 ਮਈ (ਹਰਕੰਵਲ ਸਿੰਘ ਹੈਪੀ) : ਪੰਜਾਬ ਇਨਫੋਟੈਕ ਦੇ ਚੇਅਰਮੈਨ ਡਾਕਟਰ ਗੁਨਿੰਦਰਜੀਤ ਸਿੰਘ ਮਿੱਕੂ ਜਵੰਧਾ ਨੇ ਸ਼ਾਹੀ ਸਮਾਧਾ ਟੈਕਸੀ ਯੂਨੀਅਨ ਸੰਗਰੂਰ ਦੇ ਪ੍ਰਧਾਨ ਸੁਖਦੇਵ ਰਾਮ ਸੁੱਖੀ ਅਤੇ ਉਪ ਪ੍ਰਧਾਨ ਜਗਦੀਸ਼ ਸਿੰਘ ਨਾਲ ਸਮੂਹ ਮੈਂਬਰਾਂ ਦੀ ਹਾਜ਼ਰੀ ਵਿੱਚ ਅਹਿਮ ਮੀਟਿੰਗ ਕੀਤੀ। ਇਸ ਮੀਟਿੰਗ ਦੌਰਾਨ ਉਹਨਾਂ ਟੈਕਸੀ ਚਾਲਕਾਂ ਦੀਆਂ ਰੋਜ਼ਾਨਾ ਜ਼ਿੰਦਗੀ ਨਾਲ ਜੁੜੀਆਂ ਸਮੱਸਿਆਵਾਂ ਨੂੰ ਬੜੇ ਧਿਆਨ ਅਤੇ ਸੰਜੀਦਗੀ ਨਾਲ ਸੁਣਿਆ ਅਤੇ ਉਹਨਾਂ ਦੇ ਹੱਲ ਲਈ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ।ਇਸ ਮੌਕੇ ਮਿੱਕੂ ਜਵੰਧਾ ਨੇ ਕਿਹਾ ਕਿ ਟੈਕਸੀ ਚਾਲਕ ਸਾਡੇ ਸਮਾਜ ਦਾ ਇੱਕ ਅਹਿਮ ਹਿੱਸਾ ਹਨ ਜੋ ਦਿਨ-ਰਾਤ ਮਿਹਨਤ ਕਰਕੇ ਆਪਣੇ ਪਰਿਵਾਰਾਂ ਦਾ ਪਾਲਣ-ਪੋਸ਼ਣ ਕਰਦੇ ਹਨ। ਅਜਿਹੇ ਮਿਹਨਤਕਸ਼ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣਾ ਅਤੇ ਉਹਨਾਂ ਦੇ ਹੱਲ ਲਈ ਯਤਨ ਕਰਨਾ ਉਹਨਾਂ ਦੀ ਪਹਿਲੀ ਤਰਜੀਹ ਹੈ। ਉਹਨਾਂ ਨੇ ਕਿਹਾ ਕਿ ਕੋਈ ਵੀ ਮੁਸ਼ਕਲ ਛੋਟੀ ਜਾਂ ਵੱਡੀ ਨਹੀਂ ਹੁੰਦੀ ਜਦੋਂ ਕਿਸੇ ਮਿਹਨਤੀ ਇਨਸਾਨ ਦੀ ਰੋਜ਼ੀ-ਰੋਟੀ ਨਾਲ ਜੁੜੀ ਹੋਵੇ ਤਾਂ ਉਸ ਨੂੰ ਹਰ ਹਾਲ ਵਿੱਚ ਹੱਲ ਕੀਤਾ ਜਾਣਾ ਚਾਹੀਦਾ ਹੈ। ਯੂਨੀਅਨ ਦੇ ਪ੍ਰਧਾਨ ਸੁਖਦੇਵ ਰਾਮ ਸੁੱਖੀ ਨੇ ਦੱਸਿਆ ਕਿ ਟੈਕਸੀ ਚਾਲਕਾਂ ਨੂੰ ਕਈ ਅਰਸੇ ਤੋਂ ਵੱਖ-ਵੱਖ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਜਵੰਧਾ ਸਾਹਿਬ ਨੇ ਨਾ ਸਿਰਫ਼ ਸਾਡੀਆਂ ਸਮੱਸਿਆਵਾਂ ਧਿਆਨ ਨਾਲ ਸੁਣੀਆਂ ਬਲਕਿ ਉਹਨਾਂ ਦੇ ਹੱਲ ਲਈ ਠੋਸ ਭਰੋਸਾ ਵੀ ਦਿੱਤਾ। ਉਪ ਪ੍ਰਧਾਨ ਜਗਦੀਸ਼ ਸਿੰਘ ਨੇ ਕਿਹਾ ਕਿ ਇੰਨੇ ਵਿਅਸਤ ਅਹੁਦੇ 'ਤੇ ਹੁੰਦੇ ਹੋਏ ਵੀ ਜਵੰਧਾ ਸਾਹਿਬ ਦਾ ਆਮ ਲੋਕਾਂ ਦੀਆਂ ਮੁਸ਼ਕਲਾਂ ਲਈ ਸਮਾਂ ਕੱਢਣਾ ਉਹਨਾਂ ਦੀ ਸੱਚੀ ਸਮਾਜ ਸੇਵਾ ਦੀ ਭਾਵਨਾ ਨੂੰ ਦਰਸਾਉਂਦਾ ਹੈ। ਸਮੂਹ ਮੈਂਬਰਾਂ ਨੇ ਜਵੰਧਾ ਸਾਹਿਬ ਦਾ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਹਨਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਉਹਨਾਂ ਦੀਆਂ ਸਮੱਸਿਆਵਾਂ ਜਲਦ ਹੱਲ ਹੋਣਗੀਆਂ।

ਧੂਰੀ ਪੁਲਿਸ ਵੱਲੋਂ ਹਫ਼ਤੇ ਵਿੱਚ 9 ਨਸ਼ਾ ਤਸਕਰ ਗ੍ਰਿਫ਼ਤਾਰ : ਸਰਤਾਜ ਚਹਿਲ



ਧੂਰੀ, 4 ਮਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਜਿਲ੍ਹਾ ਪੁਲਿਸ ਮੁਖੀ ਸਰਤਾਜ ਸਿੰਘ ਚਹਿਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਬ-ਡਵੀਜ਼ਨ ਧੂਰੀ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਵਿੱਢੀ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਉਸ ਸਮੇਂ ਵੱਡੀ ਸਫਲਤਾ ਮਿਲੀ, ਜਦੋਂ ਪੁਲਿਸ ਨੇ ਮਿਤੀ 27 ਅਪ੍ਰੈਲ ਤੋਂ 3 ਮਈ 2026 ਤੱਕ ਕੀਤੀ ਵਿਸ਼ੇਸ਼ ਕਾਰਵਾਈ ਦੌਰਾਨ 9 ਮੁਕੱਦਮੇ ਦਰਜ ਕਰਕੇ 9 ਦੋਸ਼ੀਆਂ ਨੂੰ ਸਲਾਖਾਂ ਪਿੱਛੇ ਧੱਕ ਦਿੱਤਾ। ਪੁਲਿਸ ਨੇ ਇਸ ਦੌਰਾਨ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਅਤੇ ਨਜਾਇਜ਼ ਸ਼ਰਾਬ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।ਉਨ੍ਹਾਂ ਦੱਸਿਆ ਕਿ ਫੜੇ ਗਏ ਵਿਅਕਤੀਆਂ ਕੋਲੋਂ 125 ਨਸ਼ੀਲੀਆਂ ਗੋਲੀਆਂ, 16 ਗ੍ਰਾਮ ਚਿੱਟਾ (ਹੈਰੋਇਨ), 48 ਬੋਤਲਾਂ ਸ਼ਰਾਬ ਠੇਕਾ ਦੇਸੀ ਅਤੇ 15 ਲੀਟਰ ਨਜਾਇਜ਼ ਸ਼ਰਾਬ ਬਰਾਮਦ ਕੀਤੀ ਗਈ ਹੈ। ਪੁਲਿਸ ਵੱਲੋਂ ਸਿਰਫ਼ ਸਖ਼ਤੀ ਹੀ ਨਹੀਂ, ਸਗੋਂ ਸੁਧਾਰਵਾਦੀ ਨੀਤੀ ਵੀ ਅਪਣਾਈ ਜਾ ਰਹੀ ਹੈ। ਇਸੇ ਤਹਿਤ ਨਸ਼ੇ ਦੇ ਆਦੀ 5 ਵਿਅਕਤੀਆਂ ਨੂੰ ਇਲਾਜ ਲਈ ਓਟ ਸੈਂਟਰ ਵਿੱਚ ਦਾਖ਼ਲ ਕਰਵਾ ਕੇ ਦਵਾਈ ਦਿਵਾਈ ਗਈ ਹੈ ਤਾਂ ਜੋ ਉਹ ਮੁੱਖ ਧਾਰਾ ਵਿੱਚ ਪਰਤ ਸਕਣ।ਪੁਲਿਸ ਦੀ ਕਾਰਗੁਜ਼ਾਰੀ ਕੇਵਲ ਗ੍ਰਿਫ਼ਤਾਰੀਆਂ ਤੱਕ ਸੀਮਤ ਨਹੀਂ ਰਹੀ। ਸਬ-ਡਵੀਜ਼ਨ ਧੂਰੀ ਵੱਲੋਂ 12 ਪੁਰਾਣੇ ਮੁਕੱਦਮਿਆਂ ਦੀ ਤਫ਼ਤੀਸ਼ ਮੁਕੰਮਲ ਕਰਕੇ ਦੋਸ਼ੀਆਂ ਵਿਰੁੱਧ ਅਦਾਲਤ ਵਿੱਚ ਚਲਾਨ ਪੇਸ਼ ਕੀਤੇ ਗਏ ਹਨ। ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ, ਪਬਲਿਕ ਦੀਆਂ ਸ਼ਿਕਾਇਤਾਂ ਦਾ ਪਹਿਲ ਦੇ ਆਧਾਰ ਤੇ ਨਿਪਟਾਰਾ ਕਰਦਿਆਂ 85 ਦਰਖ਼ਾਸਤਾਂ ਨੂੰ ਹੱਲ ਕੀਤਾ ਗਿਆ। ਇਸ ਤੋਂ ਇਲਾਵਾ, ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੌਰਾਨ 35 ਵਿਅਕਤੀਆਂ ਵਿਰੁੱਧ 172 ਬੀਐਨਐਸਐਸ ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ।ਸੜਕੀ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤੀ ਦਿਖਾਉਂਦੇ ਹੋਏ ਮੋਟਰ ਵਹੀਕਲ ਐਕਟ ਤਹਿਤ 194 ਵਾਹਨਾਂ ਦੇ ਚਲਾਨ ਕੀਤੇ ਗਏ। ਪੁਲਿਸ ਨੇ ਸੰਪਰਕ ਪ੍ਰੋਜੈਕਟ ਰਾਹੀਂ ਪਿੰਡਾਂ ਵਿੱਚ ਪਹਿਰੇਦਾਰ ਮੁਹਿੰਮ ਚਲਾ ਕੇ ਆਮ ਜਨਤਾ ਨਾਲ ਰਾਬਤਾ ਕਾਇਮ ਕੀਤਾ। ਵੱਖ-ਵੱਖ ਥਾਣਿਆਂ ਅਤ